ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 10 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੨੬ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਭਾਈ ਅੰਮ੍ਰਿਤਪਾਲ ਸਿੰਘ ਨੂੰ ਸੁਪਰੀਮ ਕੋਰਟ ਤੋਂ ਮਿਲੀ ਵੱਡੀ ਰਾਹਤ !

# ਲੋਕ ਸਭਾ ਦੀ ਮੈਂਬਰਸ਼ਿਪ ਖ਼ਿਲਾਫ਼ ਪਾਈ ਪਟੀਸ਼ਨ ਰੱਦ

**ਨਵੀਂ ਦਿੱਲੀ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਸੁਪਰੀਮ ਕੋਰਟ ਨੇ ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਚੁਣੇ ਜਾਣ ਦੇ ਖ਼ਿਲਾਫ਼ ਪਾਈ ਗਈ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਸੰਵਿਧਾਨ ਦਾ ਆਰਟੀਕਲ 84 ਸੰਸਦ ਦੀ ਮੈਂਬਰਸ਼ਿਪ ਲਈ ਯੋਗਤਾਵਾਂ ਨਾਲ ਸੰਬੰਧਿਤ ਹੈ ਅਤੇ ਕਹਿੰਦਾ ਹੈ ਕਿ ਕੋਈ ਵੀ ਵਿਅਕਤੀ ਉਦੋਂ ਤੱਕ ਸੰਸਦ ਵਿੱਚ ਚੁਣੇ ਜਾਣ ਦੇ ਯੋਗ ਨਹੀਂ ਹੋਵੇਗਾ ਜਦੋਂ ਤੱਕ ਉਹ ਭਾਰਤ ਦਾ ਨਾਗਰਿਕ ਨਹੀਂ ਹੁੰਦਾ। ਜ਼ਿਕਰ ਕਰ ਦਈਏ ਕਿ ਭਾਈ ਅੰਮ੍ਰਿਤਪਾਲ ਸਿੰਘ 2022 ਵਿੱਚ ਹੀ ਵਿਦੇਸ਼ ਤੋਂ ਪੰਜਾਬ ਆਏ ਸਨ ਤੇ ਆਉਂਦੇ ਹੀ ਉਨ੍ਹਾਂ ਨੂੰ ਵਾਰਿਸ ਪੰਜਾਬ ਦੇ ਜਥੇਬੰਦੀ ਦਾ ਮੁਖੀ ਬਣਾਇਆ ਗਿਆ ਸੀ। ਇਸ ਤੋਂ ਬਾਅਦ ਖਾਲਿਸਤਾਨੀ ਬਿਆਨਾਂ ਕਰਕੇ ਉਹ ਬਹੁਤ ਛੇਤੀ ਚਰਚਾ ਦਾ ਵਿਸ਼ਾ ਬਣ ਗਏ। ਇਸ ਤੋਂ ਬਾਅਦ ਆਪਣੇ ਸਾਥੀ ਨੂੰ ਛੁਡਵਾਉਣ ਲਈ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੇ ਸਾਥੀਆਂ ਸਮੇਤ ਥਾਣੇ 'ਤੇ ਧਾਵਾ ਕਰਕੇ ਆਪਣੇ ਸਾਥੀ ਨੂੰ ਛੁਡਵਾਇਆ ਸੀ। ਇਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਖ਼ਿਲਾਫ਼ ਨੈਸ਼ਨਲ ਸਕਿਓਰਟੀ ਐਕਟ (ਐਨ. ਐਸ. ਏ.) ਤਹਿਤ ਮਾਮਲਾ ਦਰਜ ਕੀਤਾ ਸੀ। ਦੱਸ ਦਈਏ ਕਿ 23 ਅਪ੍ਰੈਲ ਨੂੰ ਭਾਈ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਅਸਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ ਇਸ ਦੌਰਾਨ ਉਨ੍ਹਾਂ ਨੇ ਜੇਲ੍ਹ ਚੋਂ ਹੀ ਲੋਕ ਸਭਾ ਦੀ ਚੋਣ ਲੜੀ ਤੇ ਪੰਜਾਬ ਚੋਂ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤ ਦਰਜ ਕੀਤੀ। ਭਾਈ ਅੰਮ੍ਰਿਤਪਾਲ ਸਿੰਘ ਨੇ ਜੇਲ੍ਹ ਅੰਦਰੋਂ ਹੀ ਲੋਕ ਸਭਾ ਦੀ ਚੋਣ ਲੜੀ ਸੀ। ਉਹ ਆਪਣੇ ਇਲਾਕੇ ਵਿੱਚ ਚੋਣ ਪ੍ਰਚਾਰ ਕਰਨ ਵੀ ਨਹੀਂ ਆਏ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਸਭ ਤੋਂ ਵੱਡੀ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਦੇ ਸਮਰਥਕਾਂ ਅਤੇ ਪਰਿਵਾਰਕ ਮੈਂਬਰਾਂ ਨੇ ਮੁਹਿੰਮ ਦੀ ਕਮਾਨ ਸੰਭਾਲੀ ਸੀ। ਭਾਈ ਅੰਮ੍ਰਿਤਪਾਲ ਨੇ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਨਾਲ ਹਰਾਇਆ।







## ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਵੀਡੀਓਗ੍ਰਾਫੀ ਰੋਕਣ ਲਈ ਸਖ਼ਤੀ

**ਅੰਮ੍ਰਿਤਸਰ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਵੀਡੀਓ ਬਣਾਉਣ ਤੋਂ ਰੋਕਣ ਲਈ ਪ੍ਰਬੰਧਕਾਂ ਵੱਲੋਂ ਅਮਲ ਸਖ਼ਤੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਬੰਧੀ ਗੁਰੂ ਘਰ ਦੇ ਚਾਰੇ ਪਾਸੇ ਸੇਵਾਦਾਰ ਤਾਇਨਾਤ ਕਰ ਦਿੱਤੇ ਗਏ ਹਨ। ਪ੍ਰਬੰਧਕਾਂ ਮੁਤਾਬਕ ਇਸ ਸਬੰਧੀ ਸ਼ੁਰੂ ਕੀਤੇ ਅਮਲ ਦੇ ਚੰਗੇ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ। ਗੁਰੂ ਘਰ ਵਿਚ ਦਾਖਲ ਹੋਣ ਸਮੇਂ ਹੀ ਸ਼ਰਧਾਲੂਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਸਬੰਧੀ ਜਾਣਕਾਰੀ ਮਿਲ ਰਹੀ ਹੈ, ਜਿਸ ਨਾਲ ਵਧੇਰੇ ਲੋਕ ਇਸ ਤੋਂ ਜਾਣੂ ਹੋ ਜਾਂਦੇ ਹਨ ਅਤੇ ਵੀਡੀਓਗ੍ਰਾਫੀ ਨਹੀਂ ਕਰਦੇ ਪਰ ਜੇ ਕੋਈ ਅਜਿਹਾ ਕਰਦਾ ਵੀ ਹੈ ਤਾਂ ਉਸ ਨੂੰ ਪਰਿਕਰਮਾ ਵਿਚ ਤਾਇਨਾਤ ਅਮਲੇ ਵੱਲੋਂ ਵਰਜਿਆ ਜਾਂਦਾ ਹੈ। ਇਸ ਸਬੰਧੀ ਵਾਧੂ ਅਮਲਾ ਵੀ ਭਰਤੀ ਕੀਤਾ ਗਿਆ ਹੈ। ਉਨ੍ਹਾਂ ਨੂੰ ਇਸ ਸਬੰਧੀ ਸਿਖਲਾਈ ਦਿੱਤੀ ਗਈ ਹੈ। ਜੇ ਕੋਈ ਸ਼ਰਧਾਲੂ ਦਿਸ਼ਾ-ਨਿਰਦੇਸ਼ ਨਹੀਂ ਮੰਨਦਾ ਤਾਂ ਉਸ ਨਾਲ ਝਗੜਾ ਕਰਨ ਦੀ ਥਾਂ ਮੌਕੇ 'ਤੇ ਹਾਜ਼ਰ ਅਧਿਕਾਰੀ ਨਾਲ ਸੰਪਰਕ ਕਰਵਾਉਣ ਲਈ ਕਿਹਾ ਜਾਂਦਾ ਹੈ। ਇਸ ਦਾ ਚੰਗਾ ਨਤੀਜਾ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 60 ਫਲੈਕਸ ਤੇ ਬੋਰਡ ਵੀ ਲਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਕੱਤਰ ਮੁਤਾਬਕ ਵੀਡੀਓਗ੍ਰਾਫੀ 'ਤੇ ਸਖ਼ਤੀ ਨਾਲ ਰੋਕ ਲਗਾਈ ਗਈ ਹੈ।

## ਮਨੀਸ਼ ਸਿਸੋਦੀਆ ਨੂੰ ਵੱਡੀ ਰਾਹਤ ਮਿਲੀ, 17 ਮਹੀਨੇ ਬਾਅਦ ਸੁਪਰੀਮ ਕੋਰਟ ਨੇ ਦਿੱਤੀ ਜ਼ਮਾਨਤ

**ਨਵੀਂ ਦਿੱਲੀ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਮਨੀਸ਼ ਸਿਸੋਦੀਆ ਨੇ ਜ਼ਮਾਨਤ ਦੇ ਦਿੱਤੀ ਹੈ। ਸਿਸੋਦੀਆ 17 ਮਹੀਨਿਆਂ ਬਾਅਦ ਜੇਲ੍ਹ ਤੋਂ ਬਾਹਰ ਆਉਣਗੇ। ਸਿਸੋਦੀਆ ਨੂੰ 10 ਲੱਖ ਰੁਪਏ ਦਾ ਬਾਂਡ ਭਰਨਾ ਹੋਵੇਗਾ।ਸਿਸੋਦੀਆ ਨੇ ਜ਼ਮਾਨਤ ਪਟੀਸ਼ਨ ਖਾਰਜ ਕਰਨ ਦੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਸ਼ਰਾਬ ਨੀਤੀ ਵਿੱਚ ਕਥਿਤ ਬੇਨਿਯਮੀਆਂ ਦੇ ਮਾਮਲਿਆਂ ਵਿੱਚ ਉਸ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਮਾਮਲੇ ਦੀ ਆਖਰੀ ਸੁਣਵਾਈ 29 ਜੁਲਾਈ ਨੂੰ ਹੋਈ ਸੀ, ਜਿਸ ਵਿੱਚ ਈਡੀ ਨੇ ਜਵਾਬੀ ਹਲਫ਼ਨਾਮਾ ਦਾਖ਼ਲ ਕਰਨ ਲਈ ਸਮਾਂ ਮੰਗਿਆ ਸੀ। ਇਸ ਤੋਂ ਬਾਅਦ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੀ ਬੈਂਚ ਨੇ ਸੁਣਵਾਈ ਮੁਲਤਵੀ ਕਰ ਦਿੱਤੀ। ਈਡੀ ਦੀ ਤਰਫੋਂ, ਏਐਸਜੀ ਨੇ ਸਿਸੋਦੀਆ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਨ 'ਤੇ ਇਤਰਾਜ਼ ਉਠਾਇਆ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ 4 ਜੂਨ ਦੇ ਹੁਕਮਾਂ ਨੇ ਸਿਸੋਦੀਆ ਨੂੰ ਨਵੀਂ ਜ਼ਮਾਨਤ ਪਟੀਸ਼ਨ ਦਾਇਰ ਕਰਨ ਦਾ ਅਧਿਕਾਰ ਸਿਰਫ਼ ਹੇਠਲੀ ਅਦਾਲਤ ਵਿੱਚ ਦਿੱਤਾ ਹੈ ਨਾ ਕਿ ਸੁਪਰੀਮ ਕੋਰਟ ਵਿੱਚ। ਸਿਸੋਦੀਆ ਨੂੰ ਸੀਬੀਆਈ ਨੇ ਪਿਛਲੇ ਸਾਲ 26 ਫਰਵਰੀ ਨੂੰ ਅਤੇ ਈਡੀ ਨੇ 9 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ। ਉਸਨੇ 28 ਫਰਵਰੀ 2023 ਨੂੰ ਦਿੱਲੀ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ। ਉਹ ਇਸ ਸਮੇਂ ਤਿਹਾੜ ਜੇਲ੍ਹ ਵਿੱਚ ਹੈ। 3 ਜੁਲਾਈ ਨੂੰ ਦਿੱਲੀ ਦੀ ਇੱਕ ਅਦਾਲਤ ਨੇ ਈਡੀ ਮਾਮਲੇ ਵਿੱਚ ਸਿਸੋਦੀਆ ਦੀ ਨਿਆਂਇਕ ਹਿਰਾਸਤ 25 ਜੁਲਾਈ ਤੱਕ ਵਧਾ ਦਿੱਤੀ ਸੀ। ਸੀਬੀਆਈ ਮਾਮਲੇ ਵਿੱਚ ਸਿਸੋਦੀਆ 31 ਜੁਲਾਈ ਤੱਕ ਨਿਆਂਇਕ ਹਿਰਾਸਤ ਵਿੱਚ ਹਨ।



## ਏਅਰ ਇੰਡੀਆ ਨੇ ਰੱਦ ਕੀਤੀਆਂ ਸਾਰੀਆਂ ਫਲਾਈਟਾਂ, ਤੇਲ ਅਵੀਵ ਦੀ ਯਾਤਰਾ ਕਰਨ ਤੋਂ ਪਹਿਲਾਂ ਸਾਵਧਾਨ !




**ਨਵੀਂ ਦਿੱਲੀ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਮੱਧ ਪੂਰਬ ਦੇ ਕੁਝ ਹਿੱਸਿਆਂ ਵਿੱਚ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਏਅਰ ਇੰਡੀਆ ਨੇ ਤੇਲ ਅਵੀਵ ਲਈ ਸਾਰੀਆਂ ਉਡਾਨਾਂ ਰੱਦ ਕਰ ਦਿੱਤੀਆਂ ਹਨ। 'ਐਕਸ' 'ਤੇ ਇਹ ਜਾਣਕਾਰੀ ਦਿੰਦੇ ਹੋਏ, ਏਅਰਲਾਈਨ ਕੰਪਨੀ ਨੇ ਲਿਖਿਆ ਕਿ ਤੇਲ ਅਵੀਵ ਲਈ ਅਤੇ ਆਉਣ ਵਾਲੀਆਂ ਸਾਡੀਆਂ ਉਡਾਨਾਂ ਦੇ ਨਿਰਧਾਰਤ ਸੰਚਾਲਨ ਨੂੰ ਅਗਲੇ ਨੋਟਿਸ ਤੱਕ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਅਸੀਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਾਂ ਅਤੇ ਆਪਣੇ ਯਾਤਰੀਆਂ ਨੂੰ ਤੇਲ ਅਵੀਵ ਤੋਂ ਆਉਣ ਅਤੇ ਜਾਣ ਦੀ ਪੁਸ਼ਟੀ ਕੀਤੀ ਬੁਕਿੰਗ ਦੇ ਨਾਲ ਪੂਰੀ ਰਿਫੰਡ ਪ੍ਰਦਾਨ ਕਰ ਰਹੇ ਹਾਂ। ਸਾਡੇ ਮਹਿਮਾਨਾਂ ਅਤੇ ਚਾਲਕ ਦਲ ਦੀ ਸੁਰੱਖਿਆ ਸਾਡੀ ਪ੍ਰਮੁੱਖ ਤਰਜੀਹ ਹੈ।

## ਨਵੀਂ ਮਹਾਂਮਾਰੀ ਦਾ ਖਤਰਾ !, WHO ਨੇ ਬੁਲਾਈ ਐਮਰਜੈਂਸੀ ਮੀਟਿੰਗ...

**ਨਵੀਂ ਦਿੱਲੀ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਮੌਂਕੀਪੌਕਸ ਦਾ ਅਜਿਹਾ ਨਵਾਂ ਖ਼ਤਰਨਾਕ ਸਟ੍ਰੇਨ ਸਾਹਮਣੇ ਆਇਆ ਹੈ ਜਿਸ ਵਿਚ ਪੂਰੀ ਦੁਨੀਆ ਵਿਚ ਮਹਾਂਮਾਰੀ ਫੈਲਾਉਣ ਦੀ ਸਮਰੱਥਾ ਹੈ। ਇਸ ਦੌਰਾਨ ਵਿਸ਼ਵ ਸਿਹਤ ਸੰਗਠਨ (WHO) ਨੇ ਐਮਰਜੈਂਸੀ ਮੀਟਿੰਗ ਬੁਲਾਈ ਹੈ। WHO ਦੇ ਡੀਜੀ "edros Adhanom Ghebreyesus ਨੇ ਕਿਹਾ ਕਿ ਵਿਗਿਆਨੀਆਂ ਦੁਆਰਾ ਹੁਣ ਤੱਕ ਕੀਤੀ ਗਈ ਖੋਜ ਤੋਂ ਅਜਿਹਾ ਲੱਗਦਾ ਹੈ ਕਿ ਮੌਂਕੀਪੌਕਸ ਦਾ ਇਹ ਸਟ੍ਰੇਨ ਬਹੁਤ ਘਾਤਕ ਹੈ ਅਤੇ ਅਫਰੀਕਾ ਵਿੱਚ ਇਸ ਦੇ ਫੈਲਣ ਦੀ ਸੰਭਾਵਨਾ ਹੈ। ਜੇਕਰ ਇਹ ਅਫਰੀਕਾ ਤੋਂ ਬਾਹਰ ਜਾਂਦਾ ਹੈ ਤਾਂ ਇਸ ਦੀ ਦੁਨੀਆਂ ਵਿਚ ਫੈਲਣ ਦੀ ਸੰਭਾਵਨਾ ਹੋਰ ਵਧ ਜਾਵੇਗੀ। ਇਸ ਸਾਲ ਅਪ੍ਰੈਲ ਵਿਚ democratic republic of congo ਵਿੱਚ ਮੌਂਕੀਪੌਕਸ ਵਾਇਰਸ ਦੀ ਇੱਕ ਨਵੀਂ ਕਿਸਮ ਦੀ ਖੋਜ ਕੀਤੀ ਗਈ ਸੀ। ਇਹ ਇੰਨਾ ਖ਼ਤਰਨਾਕ ਹੈ ਕਿ ਇਹ 10 ਸੰਕਰਮਿਤ ਮਰੀਜ਼ਾਂ ਵਿੱਚੋਂ ਇੱਕ ਨੂੰ ਮਾਰਦਾ ਹੈ। ਇਹ ਬਿਮਾਰੀ ਹੁਣ ਕਾਂਗੋ ਤੋਂ ਬਾਹਰ ਵੀ ਫੈਲਣ ਲੱਗੀ ਹੈ। ਇਸ ਲਈ, WHO ਨੇ ਇੱਕ ਮੀਟਿੰਗ ਬੁਲਾਈ ਹੈ ਕਿ ਕੀ ਇਹ ਵਾਇਰਸ ਦੁਨੀਆ ਵਿੱਚ ਐਮਰਜੈਂਸੀ ਸਥਿਤੀ ਪੈਦਾ ਕਰ ਸਕਦਾ ਹੈ।

ਰਿਪੋਰਟ ਦੇ ਅਨੁਸਾਰ democratic republic ਕਾਂਗੋ ਬਹੁਤ ਸੰਘਣੀ ਆਬਾਦੀ ਵਾਲਾ ਦੇਸ਼ ਹੈ ਜਿਸ ਦੀਆਂ ਕਈ ਹੋਰ ਦੇਸ਼ਾਂ ਨਾਲ ਸਰਹੱਦਾਂ ਸਾਂਝੀਆਂ ਹਨ। ਇਨ੍ਹਾਂ ਦੇਸ਼ਾਂ ਵਿਚਕਾਰ ਨਿਯਮਤ ਆਵਾਜਾਈ ਹੁੰਦੀ ਹੈ। ਇਸ ਲਈ ਇਹ ਖਦਸ਼ਾ ਹੈ ਕਿ ਹੁਣੇ ਜਾਂ ਬਾਅਦ ਵਿੱਚ ਇਹ ਬਿਮਾਰੀ ਇਨ੍ਹਾਂ ਗੁਆਂਢੀ ਦੇਸ਼ਾਂ ਵਿੱਚ ਫੈਲ ਸਕਦੀ ਹੈ।

## ਲੰਡਨ 'ਚ ਪੜ੍ਹਾਈ ਤੋਂ ਵਿਦੇਸ਼ੀ ਵਿਦਿਆਰਥੀਆਂ ਦਾ ਮੋਹ ਹੋ ਰਿਹਾ ਭੰਗ, ਵੀਜ਼ਾ ਅਰਜ਼ੀਆਂ 'ਚ ਆਈ ਕਮੀ


**ਲੰਦਨ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਬ੍ਰਿਟਿਸ਼ ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਇਸ ਕਾਰਨ ਉਥੋਂ ਦੀਆਂ ਕੁਝ ਯੂਨੀਵਰਸਿਟੀਆਂ ਦਾ ਵਿੱਤੀ ਸੰਕਟ ਵਧਦਾ ਨਜ਼ਰ ਆ ਰਿਹਾ ਹੈ। ਇਸ ਵਾਰ ਵੀਜ਼ਾ ਅਰਜ਼ੀਆਂ ਵਿੱਚ ਵੀ ਕਮੀ ਆਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਹੋਮ ਆਫਿਸ ਨੂੰ ਜੁਲਾਈ 'ਚ 15 ਫੀਸਦੀ ਘੱਟ ਵੀਜ਼ਾ ਅਰਜ਼ੀਆਂ ਪ੍ਰਾਪਤ ਹੋਈਆਂ, ਇਹ ਗਿਰਾਵਟ ਸਾਲ ਦੀ ਸ਼ੁਰੂਆਤ ਤੋਂ ਹੀ ਜਾਰੀ ਹੈ ਅਤੇ ਅਜੇ ਵੀ ਜਾਰੀ ਹੈ। ਪਿਛਲੀ ਸਰਕਾਰ ਨੇ ਵੀਜ਼ਿਆਂ ਦੀ ਗਿਣਤੀ ਨੂੰ ਸੀਮਤ ਕਰਨ ਦੇ ਉਪਰਾਲੇ ਕੀਤੇ ਸਨ, ਉਸ ਦਾ ਅਸਰ ਹੁਣ ਵੀ ਦੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧ 'ਚ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸਾਲ 2023 ਦੇ ਮੁਕਾਬਲੇ ਇਸ ਸਾਲ ਜਨਵਰੀ ਅਤੇ ਜੁਲਾਈ ਦੇ ਮਹੀਨਿਆਂ 'ਚ ਆਉਣ ਵਾਲੀਆਂ ਸਟੂਡੈਂਟ ਵੀਜ਼ਾ ਅਰਜ਼ੀਆਂ 'ਚ 16 ਫੀਸਦੀ ਦੀ ਕਮੀ ਆਈ ਹੈ। ਕੁਝ ਸੰਸਥਾਵਾਂ ਨੇ ਤਾਂ ਤਿਆਰੀ ਵੀ ਕਰ ਲਈ ਹੈ ਕਿ ਇਸ ਸਾਲ ਪੋਸਟ ਗ੍ਰੈਜੂਏਸ਼ਨ ਲਈ ਇੱਥੇ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 50 ਫੀਸਦੀ ਤੱਕ ਦੀ ਗਿਰਾਵਟ ਆ ਸਕਦੀ ਹੈ। ਸਾਲ 2022 ਅਤੇ 2023 ਵਿੱਚ ਵੱਡੀ ਗਿਣਤੀ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੇ ਯੂਕੇ ਦੀਆਂ ਯੂਨੀਵਰਸਿਟੀਆਂ ਵਿੱਚ ਦਾਖਲਾ ਲਿਆ ਸੀ। ਇਸ ਸਾਲ ਇਨ੍ਹਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਸੀ ਪਰ ਅਜਿਹਾ ਨਹੀਂ ਲੱਗਦਾ। ਉੱਥੇ ਮਹਿੰਗਾਈ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਨੇ ਯੂਨੀਵਰਸਿਟੀਆਂ ਨੂੰ ਵਿਦੇਸ਼ੀ ਵਿਦਿਆਰਥੀਆਂ ਦੇ ਮਾਲੀਏ ਉੱਤੇ ਨਿਰਭਰ ਬਣਾ ਦਿੱਤਾ ਹੈ। ਇਹ ਵਿਦਿਆਰਥੀ ਉੱਚ ਮਾਤਰਾ ਵਿੱਚ ਟਿਊਸ਼ਨ ਫੀਸ ਅਦਾ ਕਰਦੇ ਹਨ। ਕੁਝ ਵਿਦੇਸ਼ੀ ਮੀਡੀਆ ਰਿਪੋਰਟਾਂ ਮੁਤਾਬਕ ਇੱਥੋਂ ਦੀਆਂ ਕਈ ਯੂਨੀਵਰਸਿਟੀਆਂ ਘਾਟੇ ਵਿੱਚ ਚੱਲ ਰਹੀਆਂ ਹਨ। ਯੌਰਕਸ਼ਾਇਰ ਦੀਆਂ ਦਸ ਸਭ ਤੋਂ ਵੱਡੀਆਂ ਯੂਨੀਵਰਸਿਟੀਆਂ ਵਿੱਚੋਂ ਚਾਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ। ਇਹਨਾਂ ਨਾਲ ਨਜਿੱਠਣ ਲਈ, ਕੁਝ ਨੇ ਕੋਰਸਾਂ ਦੀ ਗਿਣਤੀ ਸੀਮਤ ਕੀਤੀ ਅਤੇ ਕੁਝ ਨੇ ਕਰਮਚਾਰੀਆਂ ਨੂੰ ਛਾਂਟ ਦਿੱਤਾ। ਬ੍ਰਿਟੇਨ ਦੀ ਪਿਛਲੀ ਸਰਕਾਰ ਨੇ ਵੀਜ਼ਾ ਨਿਯਮਾਂ ਨੂੰ ਸਖਤ ਕਰ ਦਿੱਤਾ ਹੈ। ਇਸ ਕਾਰਨ ਇੱਥੇ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਕਮੀ ਆਈ ਹੈ। ਬਰਤਾਨੀਆ ਵਿੱਚ ਪੀਜੀ ਕਰਨ ਵਾਲੇ ਵਿਦਿਆਰਥੀ ਸਭ ਤੋਂ ਵੱਧ ਹਨ ਪਰ ਇਮੀਗ੍ਰੇਸ਼ਨ ਦੇ ਸਖ਼ਤ ਨਿਯਮਾਂ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬ੍ਰਿਟਿਸ਼ ਸਰਕਾਰ ਨੇ ਦੇਸ਼ ਤੋਂ ਬਾਹਰਲੇ ਲੋਕਾਂ ਦੀ ਗਿਣਤੀ ਨੂੰ ਘੱਟ ਕਰਨ ਲਈ ਨਿਯਮ ਬਣਾਏ ਸਨ ਅਤੇ ਵੀਜ਼ਾ ਤੋਂ ਲੈ ਕੇ ਇਮੀਗ੍ਰੇਸ਼ਨ ਤੱਕ ਦੇ ਨਿਯਮਾਂ ਨੂੰ ਸਖਤ ਕਰ ਦਿੱਤਾ ਸੀ। ਇੰਨਾ ਹੀ ਨਹੀਂ ਇੱਥੇ ਆਉਣ ਵਾਲੇ ਚੰਗੇ ਮਜ਼ਦੂਰਾਂ ਨੂੰ ਆਪਣੇ ਪਰਿਵਾਰ ਜਾਂ ਬੱਚਿਆਂ ਨੂੰ ਨਾਲ ਲਿਆਉਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ। ਇਨ੍ਹਾਂ ਸਾਰੇ ਕਾਰਨਾਂ ਕਰਕੇ ਹੁਣ ਇੱਥੇ ਘੱਟ ਲੋਕ ਆ ਰਹੇ ਹਨ।




## ਯੂਕੇ ਸਰਕਾਰ 'ਤੇ ਤੱਤੇ ਹੋਏ ਅਦਾਕਾਰ ਸੰਜੇ ਦੱਤ, ਲਾਇਆ ਗੰਭੀਰ ਦੋਸ਼


**ਮੁੰਬਈ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਬਾਲੀਵੁੱਡ ਅਭਿਨੇਤਾ ਸੰਜੇ ਦੱਤ ਨੇ ਆਖ਼ਿਰਕਾਰ ਆਪਣੇ ਪੁਰਾਣੇ ਅਪਰਾਧਿਕ ਰਿਕਾਰਡ ਕਾਰਨ UK ਦੀ ਵੀਜ਼ਾ ਅਰਜ਼ੀ ਰੱਦ ਕੀਤੇ ਜਾਣ 'ਤੇ ਪ੍ਰਤੀਕਿਰਿਆ ਦਿੱਤੀ ਹੈ। ਕੁਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਸੰਜੇ ਨੂੰ 'ਸੰਨ ਆਫ ਸਰਦਾਰ 2' 'ਚ ਅਭਿਨੇਤਾ-ਰਾਜਨੇਤਾ ਰਵੀ ਕਿਸ਼ਨ ਦੀ ਜਗ੍ਹਾ ਲਿਆ ਗਿਆ ਹੈ ਕਿਉਂਕਿ ਉਹ ਵੀਜ਼ਾ ਰੱਦ ਹੋਣ ਕਾਰਨ ਸ਼ੂਟ ਲਈ ਸਕਾਟਲੈਂਡ ਨਹੀਂ ਜਾ ਸਕੇ ਸਨ। ਹੁਣ ਸੰਜੂ ਬਾਬਾ ਨੇ ਇਨ੍ਹਾਂ ਖ਼ਬਰਾਂ 'ਤੇ ਆਪਣੀ ਚੁੱਪੀ ਤੋੜ ਦਿੱਤੀ ਹੈ। ਉਹ ਯੂਕੇ ਸਰਕਾਰ 'ਤੇ ਸਹੀ ਕੰਮ ਨਾ ਕਰਨ ਦਾ ਦੋਸ਼ ਲਾਉਂਦਾ ਵੀ ਦੇਖਿਆ ਗਿਆ ਹੈ। ਨਿੱਜੀ ਚੈਨਲ ਨਾਲ ਗੱਲ ਕਰਦਿਆਂ ਸੰਜੇ ਦੱਤ ਨੇ ਕਿਹਾ, "ਮੈਂ ਇੱਕ ਗੱਲ ਜਾਣਦਾ ਹਾਂ ਕਿ ਯੂਕੇ ਸਰਕਾਰ ਨੇ ਸਹੀ ਕੰਮ ਨਹੀਂ ਕੀਤਾ। ਉਨ੍ਹਾਂ ਨੇ ਮੈਨੂੰ (ਸ਼ੁਰੂ 'ਚ) ਵੀਜ਼ਾ ਦਿੱਤਾ। ਉੱਥੇ (ਯੂਕੇ 'ਚ) ਸਭ ਕੁਝ ਦਾ ਭੁਗਤਾਨ ਕੀਤਾ ਗਿਆ ਸੀ, ਸਭ ਕੁਝ ਤਿਆਰ ਸੀ। ਫਿਰ ਇੱਕ ਮਹੀਨੇ ਬਾਅਦ, ਤੁਸੀਂ ਮੇਰਾ ਵੀਜ਼ਾ ਰੱਦ ਕਰ ਰਹੇ ਹੋ। ਮੈਂ ਤੁਹਾਨੂੰ (ਯੂਕੇ ਸਰਕਾਰ) ਸਾਰੇ ਕਾਗਜ਼ਾਤ ਅਤੇ ਸਾਰੀਆਂ ਜ਼ਰੂਰੀ ਚੀਜ਼ਾਂ ਦੇ ਦਿੱਤੀਆਂ ਹਨ। ਤੁਸੀਂ ਮੈਨੂੰ ਵੀਜ਼ਾ ਕਿਉਂ ਦਿੱਤਾ (ਪਹਿਲਾਂ)? ਕਾਨੂੰਨ ਨੂੰ ਸਮਝਣ 'ਚ ਤੁਹਾਨੂੰ ਇੱਕ ਮਹੀਨਾ ਕਿਵੇਂ ਲੱਗਾ?" ਸੰਜੇ ਦੱਤ ਨੇ ਅੱਗੇ ਕਿਹਾ ਕਿ, "ਉਹ ਹਰ ਦੇਸ਼ ਦੇ ਕਾਨੂੰਨ ਦਾ ਸਨਮਾਨ ਕਰਦੇ ਹਨ ਅਤੇ ਯੂਕੇ ਸਰਕਾਰ ਨੂੰ ਇਸ 'ਚ ਸੁਧਾਰ ਕਰਨ ਦੀ ਅਪੀਲ ਕੀਤੀ ਹੈ। ਵੈਸੇ ਵੀ, ਕੌਣ ਯੂਕੇ ਜਾ ਰਿਹਾ ਹੈ? ਉੱਥੇ ਬਹੁਤ ਸਾਰੇ ਦੰਗੇ ਹੋ ਰਹੇ ਹਨ। ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਬਿਆਨ ਜਾਰੀ ਕਰ ਦਿੱਤਾ ਹੈ ਕਿ ਤੁਹਾਨੂੰ ਯੂਕੇ ਨਹੀਂ ਜਾਣਾ ਚਾਹੀਦਾ। ਮੈਂ ਕਾਨੂੰਨ ਦੀ ਪਾਲਣਾ ਕਰਨ ਵਾਲਾ ਨਾਗਰਿਕ ਹਾਂ ਅਤੇ ਮੈਂ ਹਰ ਦੇਸ਼ ਦੇ ਕਾਨੂੰਨਾਂ ਦਾ ਸਨਮਾਨ ਕਰਦਾ ਹਾਂ।" 1993 ਦੇ ਮੁੰਬਈ ਬੰਬ ਧਮਾਕਿਆਂ ਤੋਂ ਬਾਅਦ ਜਦੋਂ ਸੰਜੇ ਦੱਤ ਨੂੰ ਆਰਮਜ਼ ਐਕਟ ਦੀ ਉਲੰਘਣਾ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ, ਜੋ ਉਸ ਨੇ 2016 'ਚ ਪੂਰੀ ਕਰ ਲਈ। ਖ਼ਬਰਾਂ ਮੁਤਾਬਕ, ਗ੍ਰਿਫ਼ਤਾਰੀ ਤੋਂ ਬਾਅਦ ਸੰਜੇ ਦੱਤ ਅੱਜ ਤੱਕ ਯੂਕੇ ਨਹੀਂ ਜਾ ਸਕੇ ਹਨ। ਉਹ ਕਈ ਵਾਰ ਵੀਜ਼ਾ ਲਈ ਅਪਲਾਈ ਕਰ ਚੁੱਕਾ ਹੈ ਪਰ ਗੱਲ ਸਿਰੇ ਨਹੀਂ ਚੜ੍ਹੀ।




Nankana Sahib Yatra Committe Uk
pakistan gurdwara yatra
6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches
ਪਾਕਿਸਤਾਨ ਵਿਖੇ ਸ਼੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 HOURS SERVICE EVERYDAY
100% VEGETARIAN — PURE AND NATURAL
Enjoy Real Taste of PUNJAB
KD
FULLY A.C. HALL
**Khehra VAISHNO DHABA**
BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਪੰਜਾਬੀ

### ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All CATEGORIES OF MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07771 51-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ
ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV


ਦਮਦਮੀ ਟਕਸਾਲ
ਗੁਰੂ ਹਰਿਰਾਇ
ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006

ਦੇਗ ਤੇਗ ਫਤਹਿ ਪੰਥ ਕੀ ਜੀਤ

# ਸਨਮਾਨ ਸਮਾਰੋਹ

ਆਵਾਜ਼ਿ ਕੌਮ AWAZE QAUM International Newspaper & WEB TV

## ਭਾਈ ਸਰਬਜੀਤ ਸਿੰਘ ਖਾਲਸਾ

ਐਮ.ਪੀ. (ਫਰੀਦਕੋਟ)

ਅਤੇ

## ਬਾਪੂ ਤਰਸੇਮ ਸਿੰਘ ਪਿਤਾ ਭਾਈ ਅੰਮ੍ਰਿਤਪਾਲ ਸਿੰਘ

ਐਮ.ਪੀ. (ਖਡੂਰ ਸਾਹਿਬ)

10 ਅਗਸਤ 2024 ਦਿਨ ਸ਼ਨੀਵਾਰ

ਸਥਾਨ :- ਗੁਰਦੁਆਰਾ ਨੌਵੀਂ ਪਾਤਸ਼ਾਹੀ ਦੁਖ ਨਿਵਾਰਨ ਸਾਹਿਬ

ਗੁਰੂ ਤੇਗ ਬਹਾਦਰ ਨਗਰ, ਜਲੰਧਰ

ਸਮਾ : ਸਵੇਰੇ 11.00 ਵਜੇ





ਸਮੂਹ ਸੰਗਤ ਨੂੰ ਸਨਮਾਨ ਸਮਾਰੋਹ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ

ਬੇਨਤੀ ਕਰਤਾ :-

ਪਰਮਜੀਤ ਸਿੰਘ ਜੌਹਲ ਅਤੇ ਇਲਾਕਾ ਨਿਵਾਸੀ

ਸੰਪਰਕ : 70095-81997

---

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵਿੰਗ ਵੱਲੋਂ

# ਵਿਸ਼ੇਸ਼ ਉਪਰਾਲਾ

## ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ

ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜ਼ੀਫ਼ੇ

ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ ।

ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।



- ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
- ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
- ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
- ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
- ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC

ਸਕੱਤਰ ਧਰਮ ਪ੍ਰਚਾਰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC


With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan Sant Baba Bhagwan Singh Ji Maharaj (Rara Sahib Begowal)
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ
AWAZE QAUM
International Newspaper & WEB TV



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਆਵਾਜ਼ਿ ਕੌਮ AWAZE QAUM International Newspaper & WEB TV
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਦਿਹਾੜੇ

## ਸੰਪੂਰਨਤਾ ਦਿਵਸ ਅਤੇ ਸਥਾਪਨਾ ਦਿਵਸ

☛ ਸੰਪੂਰਨਤਾ ਦਿਵਸ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਹਿਬ ਜੀ ☛ ਸਥਾਪਨਾ ਦਿਵਸ ਦਮਦਮੀ ਟਕਸਾਲ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

☛ ਸ਼ਨਿੱਚਰਵਾਰ 10 ਅਗਸਤ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

☛ ਐਤਵਾਰ 11 ਅਗਸਤ 2024 ਨੂੰ 6:30 ਵਜੇ ਸਵੇਰੇ ਚੌਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।



ਗਿਆਨੀ ਰੂਪ ਸਿੰਘ ਦਮਦਮੀ ਟਕਸਾਲ ਵਾਲੇ

ਕਥਾ ਵਾਚਕ ਗਿਆਨੀ ਰੂਪ ਸਿੰਘ ਜੀ ਦਮਦਮੀ ਟਕਸਾਲ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਛਬੀਲ ਵੀ ਲੱਗੇਗੀ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ, ਕਬਹੂੰ ਨਾ ਛਾਡੇ ਖੇਤ॥





# ਸ਼ਹੀਦ ਭਾਈ ਸਤਨਾਮ ਸਿੰਘ ਸੱਤਾ (KCF)

## 36ਵਾਂ ਸ਼ਹੀਦੀ ਸਮਾਗਮ

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ਼ਹੀਦ ਭਾਈ ਸਤਨਾਮ ਸਿੰਘ ਸੱਤਾ (KCF) ਜੀ ਜੋ ਕਿ ਮਿਤੀ 09-08-1988 ਨੂੰ ਸ਼ਹੀਦੀ ਪਾ ਗਏ ਸਨ। ਉਨ੍ਹਾਂ ਦੇ 36ਵੇਂ ਸ਼ਹੀਦੀ ਸਮਾਗਮ ਦੇ ਸਬੰਧ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਭੋਗ

## ਮਿਤੀ 11-08-2024 ਦਿਨ ਐਤਵਾਰ ਨੂੰ

**ਗੁਰਦੁਆਰਾ ਸਾਹਿਬ ਪਿੰਡ ਭੈਣੀ ਸਾਲੂ, ਜ਼ਿਲ੍ਹਾਂ ਲੁਧਿਆਣਾ ਜੀ**

ਵਿੱਚ ਹੋਵੇਗਾ


ਕੀਰਤਨ ਸਵੇਰੇ 11:00 ਤੋਂ 12:30 ਤੱਕ ਸਾਡੇ ਗ੍ਰਹਿ ਪਿੰਡ ਭੈਣੀ ਸਾਲੂ, ਜ਼ਿਲ੍ਹਾ ਲੁਧਿਆਣਾ ਵਿਖੇ ਪਵੇਗਾ।
ਆਪ ਜੀ ਨੇ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ
ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਬੇਨਤੀ ਕਰਤਾ**

**ਸਮੂਹ ਪਰਿਵਾਰ ਸੁਖਵੰਤ ਸਿੰਘ ਖਾਲਸਾ ਸਪੁੱਤਰ ਭਾਈ ਸਤਨਾਮ ਸਿੰਘ ਸੱਤਾ ਜੀ (ਮੋ: 98152-97939)**



ਆਵਾਜ਼ਿ ਕੌਮ AWAZE QAUM International Newspaper & WEB TV



--✶ ਜਾਰੀ ਕਰਤਾ ✶--

**ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ**
**ਮੁਖ ਸੇਵਾਦਾਰ ਜੱਥਾ ਠੀਕਰੀਵਾਲ**

# ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਭਜੀ ਖੀਰਾਂਵਾਲੀ ਅਕਾਲ ਚਲਾਣਾ ਕਰ ਗਏ

## ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਭਜੀ ਖੀਰਾਂ ਵਾਲੀ ਨੂੰ

# ਨਿੱਘੀ ਸ਼ਰਧਾਂਜ਼ਲੀ

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂ ਵਾਲੀ ਦਾ ਅਚਾਨਕ ਦੇਹਾਂਤ ਹੋ ਗਿਆ ਹੈ। ਉਹ ਬੀਤੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਉਹ 67 ਵਰ੍ਹਿਆਂ ਦੇ ਸਨ ਅਤੇ ਆਪਣੇ ਪਿੱਛੇ ਪਤਨੀ, ਬੇਟਾ ਅਤੇ ਦੋ ਬੇਟੀਆਂ ਛੱਡ ਗਏ ਹਨ। ਉਹ 1977 ਵਿੱਚ ਪਹਿਲੀ ਵਾਰ ਪੰਜਾਬ ਦੀ ਟੀਮ ਵਿੱਚ ਇੰਗਲੈਂਡ ਖੇਡਣ ਆਏ ਸੀ। ਉਸ ਤੋਂ ਬਾਅਦ ਮੁੜ ਉਹ 1979 ਵਿੱਚ ਇੰਗਲੈਂਡ ਆਏ ਅਤੇ ਇਥੇ ਹੀ ਵੱਸ ਗਏ। ਹਰਭਜਨ ਸਿੰਘ ਖੀਰਾਂ ਵਾਲੀ ਨੇ ਆਪਣੀ ਸਾਰੀ ਉਮਰ ਕਬੱਡੀ ਦੇ ਲੇਖੇ ਲਾ ਦਿੱਤੀ। ਉਹ ਆਪਣੀ ਚੜ੍ਹਤ ਸਮੇਂ ਚੋਟੀ ਦੇ ਖਿਡਾਰੀਆਂ ਵਿੱਚ ਗਿਣੇ ਜਾਂਦੇ ਸਨ। ਪਹਿਲਾਂ ਲੰਮਾ ਸਮਾਂ ਉਹਨਾਂ ਖੁਦ ਕਬੱਡੀ ਖੇਡੀ ਅਤੇ ਫਿਰ ਇੰਗਲੈਂਡ ਕਬੱਡੀ ਫੈਡਰੇਸ਼ਨ ਰਾਹੀਂ ਕਬੱਡੀ ਨੂੰ ਪ੍ਰਮੋਟ ਕੀਤਾ, ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ। ਉਹ ਲੰਮੇ ਸਮੇਂ ਤੋਂ ਟੈਲਫੋਰਡ ਕਬੱਡੀ ਕਲੱਬ ਨਾਲ ਜੁੜੇ ਹੋਏ ਸਨ। ਕਬੱਡੀ ਲਈ ਉਹਨਾਂ ਦੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ। ਇਸ ਵਰ੍ਹੇ ਇੰਗਲੈਂਡ ਦੇ ਵੱਖ-ਵੱਖ ਟੂਰਨਾਮੈਂਟਾਂ 'ਤੇ ਕਬੱਡੀ ਕਲੱਬਾਂ ਵੱਲੋਂ ਭਜੀ ਖੀਰਾਂ ਵਾਲੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਵੀ ਉਹ ਖੇਡ ਮੈਦਾਨ ਵਿੱਚ ਪਹੁੰਚਦੇ ਰਹੇ।

ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਸਮੂਹ ਕਲੱਬਾਂ ਵੱਲੋਂ ਅਸੀਂ ਉਹਨਾਂ ਦੇ ਪਰਿਵਾਰ ਅਤੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ, ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।




ਸਵਰਗੀ ਸ: ਹਰਭਜਨ ਸਿੰਘ ਭਜੀ ਖੀਰਾਂਵਾਲੀ

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਕੇਵਲ ਸਿੰਘ ਰਣਦੇਵਾ, ਸੁਰਿੰਦਰ ਸਿੰਘ ਮਾਣਕ, ਕੁਲਵੰਤ ਸਿੰਘ ਸੰਘਾ, ਜੋਗਿੰਦਰ ਸਿੰਘ ਦੁਸਾਂਝ, ਸਤਨਾਮ ਸਿੰਘ ਸੱਤਾ ਮੁਠੱਡਾ, ਸ਼ੀਰਾ ਸਿੰਘ ਔਲਖ, ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ, ਬਲਜਿੰਦਰ ਭਿੰਡਰ, ਗੁਰਦੀਪ ਸਿੰਘ ਸੋਮਲ, ਬਲਵਿੰਦਰ ਸਿੰਘ ਚੱਠਾ, ਕੁਲਵਿੰਦਰ ਸਿੰਘ ਛੋਕਰ, ਪ੍ਰਮਜੀਤ ਸਿੰਘ ਰੰਧਾਵਾ, ਹਰਨੇਕ ਸਿੰਘ ਨੇਕਾ ਮੈਰੀਪੁਰ, ਕੰਮਾ ਔਜਲਾ, ਲਹਿੰਬਰ ਸਿੰਘ ਲੱਧੜ, ਸਤਨਾਮ ਸਿੰਘ ਗਿੱਲ, ਦਲਬੀਰ ਸਿੰਘ ਸੈਂਹਬੀ, ਸਤਿੰਦਰ ਸਿੰਘ ਗੋਲਡੀ, ਰਸ਼ਪਾਲ ਸਿੰਘ ਪਾਲਾ ਸਹੋਤਾ, ਸਾਬੀ, ਪਿਆਰਾ ਸਿੰਘ ਰੰਧਾਵਾ, ਕੁਲਬੀਰ ਸਿੰਘ ਖੱਖ, ਕੁਲਵੰਤ ਸਿੰਘ ਚੱਠਾ, ਸੁਖਜਿੰਦਰ ਸਿੰਘ ਸਮਰਾ, ਬਲਜੀਤ ਸਿੰਘ ਮੱਲੀ, ਹਰਜਿੰਦਰ ਸਿੰਘ ਬੋਈ ਸਮੇਤ ਸਮੂਹ ਕਲੱਬਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਜਾਰੀ ਕਰਤਾ

## ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਸਮੂਹ ਸਹਿਯੋਗੀ ਕਬੱਡੀ ਕਲੱਬਾਂ

## ਸਿਹਤ ਸਟਾਫ ਵੱਲੋਂ ਡੇਂਗੂ ਸਰਵੇ ਜਾਰੀ

# ਤਲਵੰਡੀ ਸਾਬੋ ਵਿੱਚ ਸਿਹਤ ਟੀਮ ਨੇ ਡੇਂਗੂ ਲਾਰਵੇ ਦੀ ਭਾਲ ਲਈ ਕੀਤਾ ਸਰਵੇ





**ਤਲਵੰਡੀ ਸਾਬੋ, 09 ਅਗਸਤ (ਗੁਰਜੰਟ ਸਿੰਘ ਨਥੇਹਾ)**- ਸਿਹਤ ਵਿਭਾਗ ਵੱਲੋਂ ਬਾਰਿਸ਼ਾਂ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਚਲਾਈ ਜਾ ਰਹੀ ਡੇਂਗੂ ਵਿਰੋਧੀ ਮੁਹਿੰਮ ਦੇ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਡੇਂਗੂ ਲਾਰਵੇ ਦੀ ਭਾਲ ਲਈ ਸਰਵੇ ਵੀ ਕੀਤਾ ਜਾ ਰਿਹਾ ਹੈ। ਜਿਸ ਦੀ ਲੜੀ ਤਹਿਤ ਤਲਵੰਡੀ ਸਾਬੋ ਵਿਖੇ ਡੇਂਗੂ ਸਰਵੇ ਕੀਤਾ ਜਾ ਰਿਹਾ ਹੈ। ਇਸ ਸਰਵੇ ਲਈ ਸਮੂਹ ਮਲਟੀ ਪਰਪਜ਼ ਸਿਹਤ ਵਰਕਰਾਂ ਦੀਆਂ ਵੱਖ-ਵੱਖ ਦੀ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਸ ਬਾਬਤ ਜਾਣਕਾਰੀ ਦਿੰਦੇ ਹੋਏ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਦਰਸ਼ਨ ਕੌਰ ਨੇ ਕਿਹਾ ਕਿ ਡੇਂਗੂ ਬੁਖਾਰ ਮਾਦਾ ਐਡੀਜ ਅਜੈਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਸ ਨੂੰ ਟਾਇਗਰ ਮੱਛਰ ਵੀ ਕਹਿੰਦੇ ਹਨ। ਇਸ ਦੇ ਸ਼ਰੀਰ ਤੇ ਟਾਇਗਰ ਵਰਗੀਆ ਧਾਰੀਆ ਬਣੀਆ ਹੁੰਦੀਆ ਹਨ। ਇਹ ਮੱਛਰ ਕੂਲਰਾਂ, ਕੰਨਟੇਨਰਾ, ਫਰਿਜ਼ ਦੇ ਪਿਛੇ ਲੱਗੀਆ ਟ੍ਰੈਆਂ, ਗਮਲਿਆਂ, ਘਰਾਂ ਦੀਆ ਛੱਤਾ ਉਪਰ ਪਏ ਕਬਾੜ, ਟਾਇਰ ਆਦਿ ਵਿਚ ਖੜ੍ਹੇ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ। ਬਲਾਕ ਐਕਸਟੈਨਸ਼ਨ ਐਜੂਕੇਟਰ ਗੁਰਸਿਮਰਤ ਕੌਰ ਨੇ ਦੱਸਿਆ ਇੱਕ ਹਫਤੇ ਦੇ ਅੰਦਰ-ਅੰਦਰ ਅੰਡੇ ਤੋਂ ਪੂਰਾ ਅਡਲਟ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਇਹ ਮੱਛਰ ਇਕ ਚੱਮਚ ਪਾਣੀ ਵਿਚ ਵੀ ਪੈਦਾ ਹੋ ਜਾਂਦਾ ਹੈ। ਇਹ ਮੱਛਰ ਜਿਆਦਾਤਰ ਸਵੇਰ ਵੇਲੇ ਸੂਰਜ ਚੜ੍ਹਣ ਤੋਂ ਬਾਅਦ ਅਤੇ ਸ਼ਾਮ ਨੂੰ ਸੂਰਜ ਡੁਬਣ ਵੇਲੇ ਕੱਟਦਾ ਹੈ। ਇਹ ਮੱਛਰ ਜਿਆਦਾਤਰ ਸਰੀਰ ਦੇ ਹੇਠਲੇ ਹਿੱਸਿਆਂ ਤੇ ਕੱਟਦਾ ਹੈ ਇਸਦੀ ਪੈਦਾਵਾਰ 20 ਡਿਗਰੀ ਤੋਂ 34 ਡਿਗਰੀ ਤਾਪਮਾਨ ਵਿਚ ਜਿਆਦਾ ਹੁੰਦੀ ਹੈ। ਸਿਹਤ ਸੁਪਰਵਾਈਜ਼ਰ ਕੁਲਦੀਪ ਸਿੰਘ ਨੇ ਦੱਸਿਆ ਕਿ ਤੇਜ਼. ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜਿਆਂ ਤੇ ਨੱਕ ਵਿਚ ਖੂਨ ਵਗਣਾ ਡੇਂਗੂ ਬੁਖਾਰ ਦੇ ਲਛਣ ਹਨ। ਬੁਖਾਰ ਹੋਣ ਤੇ ਐਸਪ੍ਰੀਨ ਅਤੇ ਬਰੂਫਨ ਨਾ ਲਵੋ ਸਿਰਫ ਪੈਰਾਸੀਟਾਮੋਲ ਡਾਕਟਰ ਦੀ ਸਲਾਹ ਨਾਲ ਲਵੋ। ਪਾਣੀ ਜਾਂ ਤਰਲ ਚੀਜਾਂ ਜਿਆਦਾ ਪੀਓ ਅਤੇ ਆਰਾਮ ਕਰਨਾ ਚਾਹੀਦਾ ਹੈ। ਉਹਨਾਂ ਨੇ ਡੇਂਗੂ ਦੀ ਰੋਕਥਾਮ ਲਈ ਲੋਕਾਂ ਤੋਂ ਵੀ ਸਹਿਯੋਗ ਦੇਣ ਦੀ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਕੈਬਨਿਟ ਮੰਤਰੀ ਈ. ਟੀ. ਓ. ਵੱਲੋਂ ਦੱਸਵੀਂ ਤੇ ਬਾਰ੍ਹਵੀਂ ਚੋਂ 90 ਫੀਸਦੀ ਤੋਂ ਵੱਧ ਨੰਬਰ ਲੈਣ ਵਾਲੇ ਬੱਚਿਆਂ ਨੂੰ ਕੀਤਾ ਸਨਮਾਨਿਤ

# ਸਾਡੀ ਸਰਕਾਰ ਦੇ ਕਾਰਜਕਾਲ ਵਿੱਚ ਪੜ੍ਹਾਈ ਦਾ ਪੱਧਰ ਵਧਿਆ - ਈ ਟੀ ਓ




**ਜੰਡਿਆਲਾ ਗੁਰੂ, 9 ਅਗਸਤ ( ਕੁਲਵੰਤ ਸਿੰਘ ਵਿਰਦੀ)**-ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ 90ਫੀਸਦੀ ਤੋਂ ਵੱਧ ਨੰਬਰ ਲੈਣ ਵਾਲੇ ਦਸਵੀਂ ਅਤੇ ਬਾਰਹਵੀਂ ਕਲਾਸ ਦੇ ਬੱਚਿਆਂ ਦੇ ਸਨਮਾਨ ਲਈ ਵਿਸ਼ੇਸ਼ ਸਮਾਗਮ ਕਰਵਾਇਆ। ਜਿਸ ਵਿੱਚ ਉਨਾਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ , ਐਸ.ਐਸ.ਪੀ. ਸ: ਚਰਨਜੀਤ ਸਿੰਘ, ਅਤੇ ਹੋਰ ਅਧਿਕਾਰੀ ਬੱਚਿਆਂ ਦਾ ਹੌਂਸਲਾ ਵਧਾਉਣ ਲਈ ਪਹੁੰਚੇ। ਇਸ ਮੌਕੇ ਸੰਬੋਧਨ ਕਰਦੇ ਸ: ਹਰਭਜਨ ਸਿੰਘ ਨੇ ਕਿਹਾ ਕਿ ਸਾਡੀ ਸਰਕਾਰ ਦੇ ਕਾਰਜਕਾਲ ਦੌਰਾਨ ਪੜ੍ਹਾਈ ਦਾ ਪੱਧਰ ਵਧਿਆ ਹੈ। ਉਨਾਂ ਦੱਸਿਆ ਕਿ ਪਿਛਲੇ ਸਾਲ ਮੈਂ 80 ਫੀਸਦ ਤੋਂ ਵੱਧ ਨੰਬਰ ਲੈਣ ਵਾਲੇ ਆਪਣੇ ਹਲਕੇ ਦੇ ਅਜਿਹੇ ਬੱਚਿਆਂ ਦਾ ਸਨਮਾਨ ਕੀਤਾ ਸੀ, ਜਿਨ੍ਹਾਂ ਦੀ ਗਿਣਤੀ 250 ਦੇ ਕਰੀਬ ਸੀ। ਇਸ ਵਾਰ ਅਸੀਂ ਆਪਣਾ ਟੀਚਾ ਵਧਾ ਕੇ 90 ਫੀਸਦ ਤੋਂ ਵੱਧ ਨੰਬਰ ਲੈਣ ਵਾਲੇ ਆਪਣੇ ਹਲਕੇ ਦੇ ਬੱਚਿਆਂ ਨੂੰ ਸਨਮਾਨਤ ਕੀਤਾ ਹੈ, ਤਾਂ ਮੈਨੂੰ ਇਹ ਦੇਖ ਕੇ ਬੜੀ ਖੁਸ਼ੀ ਹੋਈ ਕਿ ਅੱਜ 32 ਸਕੂਲਾਂ ਦੇ 271 ਬੱਚਿਆਂ ਨੇ ਇਹ ਸਨਮਾਨ ਪ੍ਰਾਪਤ ਕੀਤਾ ਹੈ। ਉਨਾਂ ਕਿਹਾ ਕਿ ਇਹ ਪ੍ਰਾਪਤੀ ਕੇਵਲ ਜੰਡਿਆਲਾ ਗੁਰੂ ਹਲਕੇ ਦੀ ਹੀ ਨਹੀਂ ਬਲਿਕ ਸਮੁੱਚੇ ਪੰਜਾਬ ਦੀ ਹੈ। ਉਨਾਂ ਦੱਸਿਆ ਕਿ ਜੰਡਿਆਲਾ ਗੁਰੂ ਦੇ ਸਕੂਲ ਆਫ ਐਮੀਨੈਂਸ 34 ਬੱਚੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸ਼ਮੇਸ਼ ਨਗਰ ਦੇ 18 ਬੱਚੇ 90 ਫੀਸਦ ਤੋਂ ਵੱਧ ਨੰਬਰ ਲੈਣ ਵਾਲਿਆਂ ਵਿੱਚ ਸ਼ਾਮਲ ਹਨ। ਉਨਾਂ ਕਿਹਾ ਕਿ ਮੈਂ ਆਪਣੇ ਹਲਕੇ ਦੇ ਸਾਰੇ ਸਕੂਲਾਂ ਦਾ ਦੌਰਾ ਕਰ ਚੁੱਕਾ ਹਾਂ ਅਤੇ ਹਰੇਕ ਸਕੂਲ ਦੀ ਸਮੱਸਿਆ ਨੂੰ ਆਪਣੀ ਨਿੱਜੀ ਸਮੱਸਿਆ ਸਮਝ ਕੇ ਦੂਰ ਕੀਤਾ ਹੈ। ਜਿਸ ਦਾ ਨਤੀਜਾ ਅੱਜ ਤੁਹਾਡੇ ਸਾਹਮਣੇ ਹੈ। ਉਨਾਂ ਬੱਚਿਆਂ ਨੂੰ ਚੰਗੇ ਭਵਿੱਖ ਦੀਆਂ ਸ਼ੁਭ ਕਾਮਨਾਵਾਂ ਦਿੰਦਿਆਂ ਮਾਤਾ-ਪਿਤਾ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਸੰਬੋਧਨ ਕਰਦੇ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਕਿਹਾ ਕਿ ਅੱਜ ਦੇ ਬੱਚੇ ਸਾਡਾ ਭਵਿੱਖ ਹਨ ਅਤੇ ਅੱਗੇ ਚੱਲ ਕੇ ਇਨ੍ਹਾਂ ਵਿੱਚੋਂ ਕੁਝ ਬੱਚਿਆਂ ਨੇ ਸਿਆਸਤ, ਡਾਕਟਰ, ਇੰਜਨੀਅਰ ਅਤੇ ਵੱਡੇ ਅਧਿਕਾਰੀ ਬਨਣਾ ਹੈ। ਉਨਾਂ ਦੱਸਿਆ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਹਲਕੇ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀ 90 ਫੀਸਦ ਤੋਂ ਵੱਧ ਨੰਬਰ ਲੈਣ ਵਿੱਚ ਕਾਮਯਾਬ ਰਹੇ ਹਨ। ਉਨਾਂ ਆਪਣੀ ਪੜ੍ਹਾਈ ਦੇ ਤਜ਼ਰਬੇ ਦਸੱਦਿਆਂ ਬੱਚਿਆਂ ਨੂੰ ਨਿਸ਼ਾਨਾ ਮਿੱਥ ਕੇ ਅੱਗੇ ਵੱਧਣ ਦਾ ਸੱਦਾ ਦਿੰਦਿਆਂ ਕਿਹਾ ਕਿ ਮਿਹਨਤ ਨਾਲ ਬੱਚੇ ਮਨਚਾਹਾ ਟੀਚਾ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਜਿਲ੍ਹਾ ਪੁਲਿਸ ਮੁਖੀ ਸ: ਚਰਨਜੀਤ ਸਿੰਘ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਵਿੱਚੋਂ ਹੀ ਕੁਝ ਨੇ ਇਸੇ ਹੀ ਕੁਰਸੀ ਤੇ ਬੈਠ ਕੇ ਦੂਜੇ ਬੱਚਿਆਂ ਨੂੰ ਸਨਮਾਨਤ ਕਰਨਾ ਹੈ। ਉਨ੍ਹਾਂ ਨੇ ਬੱਚਿਆਂ ਨੂੰ ਕਿਹਾ ਕਿ ਉਹ ਪੜ੍ਹ ਲਿਖ ਕੇ ਆਪਣੇ ਮਾਤਾ ਪਿਤਾ, ਜਿਲ੍ਹੇ ਦਾ ਨਾਮ ਰੋਸ਼ਨ ਕਰਨ। ਉਨਾਂ ਕਿਹਾ ਕਿ ਤੁਸੀਂ ਹੀ ਦੇਸ਼ ਦਾ ਭਵਿੱਖ ਹੋ ਅਤੇ ਦੇਸ਼ ਨੂੰ ਤੁਹਾਡੇ ਤੇ ਬਹੁਤ ਉਮੀਦਾਂ ਹਨ। ਉਨ੍ਹਾਂ ਕਿਹਾ ਕਿ ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਹ ਅਵੱਲ ਆ ਕੇ ਆਪਣਾ, ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੋਸ਼ਨ ਕਰ ਸਕਣ 9 ਇਸ ਮੌਕੇ ਮਾਤਾ ਸੁਰਿੰਦਰ ਕੌਰ, ਸ੍ਰੀਮਤੀ ਸੁਹਿੰਦਰ ਕੌਰ, ਡੀ.ਈ.ਓ ਹਰਭਗਵੰਤ ਸਿੰਘ, ਸ੍ਰੀ ਨਰੇਸ਼ ਪਾਠਕ, ਚੇਅਰਮੈਨ ਛਨਾਖ ਸਿੰਘ, ਚੇਅਰਮੈਨ ਗੁਰਬਿੰਦਰ ਸਿੰਘ, ਡੀ.ਐਸ.ਡੀ. ਕਰਨ ਸ਼ਰਮਾ ਅਤੇ ਬੱਚਿਆਂ ਦੇ ਮਾਪੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕਾਂਸੀ ਤਗਮਾ ਜਿੱਤਣ ਲਈ ਟੀਮ ਦੀ ਸਖਤ ਮਿਹਨਤ ਸ਼ਾਨਦਾਰ ਹੁਨਰ ਸਦਕਾ ਵਧੀਆ ਨਤੀਜੇ ਵੇਖਣ ਨੂੰ ਮਿਲੇ ਟੀਮ ਨੂੰ ਹਾਰਦਿਕ ਵਧਾਈ : ਅਵਤਾਰ ਸਿੰਘ ਟੱਕਰ



**ਜੰਡਿਆਲਾ ਗੁਰੂ, 9 ਅਗਸਤ ( ਕੁਲਵੰਤ ਸਿੰਘ ਵਿਰਦੀ)**-ਭਾਰਤੀ ਹਾਕੀ ਟੀਮ ਨੂੰ ਵਧਾਈ ਦਿੰਦਿਆਂ ਖਾਲਸਾ ਆਟੋ ਰਿਕਸਾ ਯੂਨੀਅਨ ਜੰਡਿਆਲਾ ਗੁਰੂ ਦੇ ਸਾਬਕਾ ਪ੍ਰਧਾਨ ਅਤੇ ਕਾਂਗਰਸ ਪਾਰਟੀ ਜਿਲ੍ਹਾ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆ ਨੇ ਕਿਹਾ ਕਿ ਪੈਰਿਸ ਉਲੰਪਿਕਸ 2024 ਵਿਚ ਕਾਂਸੀ ਦਾ ਤਗਮਾ ਜਿੱਤਣ ਲਈ ਭਾਰਤੀ ਪੁਰਸ਼ ਹਾਕੀ ਟੀਮ ਨੂੰ ਹਾਰਦਿਕ ਵਧਾਈ ਦਿੰਦੇ ਹਾਂ ਅੱਗੇ ਉਹਨਾਂ ਨੇ ਕਿਹਾ ਕਿ ਸਮੇਂ ਦੀ ਮੁੱਖ ਮੰਗ ਹੈ ਕਿ ਸਰਕਾਰਾਂ ਨੂੰ ਹਰ ਖੇਤਰ ਵਿੱਚ ਖੇਡਾਂ ਖੇਡਣ ਵਾਲੇ ਨੌਜਵਾਨ ਖਿਡਾਰੀਆਂ ਦਾ ਪੂਰਾ ਬਣਦਾ ਮਾਨ ਸਨਮਾਨ ਦੇਣਾ ਚਾਹੀਦਾ ਹੈ ਅੱਗੇ ਉਨ੍ਹਾ ਕਿਹਾ ਕਿ ਟੀਮ ਦੀ ਸਖਤ ਮਿਹਨਤ ਅਤੇ ਸ਼ਾਨਦਾਰ ਹੁਨਰ ਸਦਕਾ ਵਧੀਆ ਨਤੀਜੇ ਆਏ ਹਨ ਜਿਸ ਨਾਲ ਹੋਈ ਜਿੱਤ ਨੌਜਵਾਨਾਂ ਵਿੱਚ ਵਧੀਆ ਰੋਲ ਨਿਭਾਏਗੀ ਅੱਗੇ ਅਵਤਾਰ ਸਿੰਘ ਟੱਕਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਵੱਲ ਧਿਆਨ ਦੇਣ ਅਤੇ ਆਪਣੇ ਮਾਂ ਬਾਪ ਅਤੇ ਦੇਸ਼ ਸੂਬੇ ਦਾ ਨਾਮ ਰੌਸ਼ਨ ਕਰਕੇ ਬੁਲੰਦੀਆਂ ਤੇ ਪਹੁੰਚ ਕਿ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਉਣ ਇਸ ਮੋਕੇ ਤੇ ਕਾਂਗਰਸ ਪਾਰਟੀ ਜਿਲ੍ਹਾ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆਂ ਤੋਂ ਇਲਾਵਾ ਪਰਮਜੀਤ ਸਿੰਘ ਜਾਣੀਆ ਚਰਨਜੀਤ ਸਿੰਘ ਅਤੇ ਹੋਰ ਵੀ ਹਾਜ਼ਰ ਸਨ 9

ਆਵਾਜ਼ਿ ਕੌਮ AWAZE QAUM International Newspaper & WEB TV

# ਈਲੈਪਕਿੰਗ ਖਿਡਾਰਨ ਵਿਨੇਸ਼ ਫੋਗਾਟ ਨੂੰ ਜੇਤੂਆਂ ਵਾਲੇ ਸਾਰੇ ਮਾਣ ਦੇਵੇ ਸਰਕਾਰ : ਅਵਤਾਰ ਸਿੰਘ ਟੱਕਰ



**ਜੰਡਿਆਲਾ ਗੁਰੂ, 9 ਅਗਸਤ ( ਕੁਲਵੰਤ ਸਿੰਘ ਵਿਰਦੀ)**-ਸੋਨ ਤਮਗਾ ਜਿੱਤ ਕੇ ਦੇਣ ਵਾਲੀ ਹਰਿਆਣਾ ਦੀ ਮਹਿਲਾ ਪਹਿਲਵਾਨ ਚੈਂਪੀਅਨ ਨੂੰ 50 ਕਿਲੋ ਤੋਂ ਸਿਰਫ਼ 100 ਗ੍ਰਾਮ ਵੱਧ ਭਾਰ ਹੋਣ ਕਰਕੇ ਈਲੈਪਇੰਗ ਦੇ ਫਾਈਨਲ ਮੁਕਾਬਲੇ ਚ ਡਿਸਕਵਾਲੀਫਾਈ ਕਰਨ ਦਾ ਗਹਿਰਾ ਦੁੱਖ ਹੋਇਆ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਖਾਲਸਾ ਆਟੋ ਯੂਨੀਅਨ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆਂ ਨੇ ਅੱਗੇ ਕਿਹਾ ਕਿ ਭਾਰਤ ਦੇਸ਼ ਦੀ ਬਹਾਦਰ ਧੀ ਨੂੰ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਨੇ ਵਿਨੇਸ਼ ਫੋਗਾਟ ਨੂੰ ਜੇਤੂਆਂ ਵਾਲੇ ਸਾਰੇ ਮਾਣ ਸਨਮਾਨ ਦੇਣ ਦੀ ਗੱਲ ਕਹੀ ਗਈ ਹੈ ,ਜੋਂ ਭਾਰਤ ਸਰਕਾਰ ਤੇ ਹਰਿਆਣਾ ਦਾ ਈਲੈਪਕਿੰਗ ਖਿਡਾਰੀਆਂ ਵਾਸਤੇ ਵਧੀਆ ਤੇ ਸ਼ਲਾਘਾਯੋਗ ਉਪਰਾਲਾ ਕਿਹਾ ਜਾ ਸਕਦਾ ਹੈ । ਹਰਿਆਣਾ ਮਹਿਲਾ ਪਹਿਲਵਾਨ ਚੈਂਪੀਅਨ ਨੂੰ ਆਨੇ ਬਹਾਨੇ ਸਿਰਫ਼ 100 ਗ੍ਰਾਮ ਭਾਰ 50 ਕਿਲੋ ਤੋਂ ਵੱਧ ਹੋਣ ਕਰਕੇ ਈਲੈਪਇੰਗ ਫਾਈਨਲ ਮੁਕਾਬਲੇ ਵਿੱਚੋਂ ਬਾਹਰ ਕਰ ਦੇਣ ਵਾਲੀ ਧੱਕੇਸ਼ਾਹੀ ਤੇ ਬੇਇਨਸਾਫ਼ੀ ਦੀ ਨਿੰਦਾ ਕੀਤੀ ਜਾਂਦੀ ਹੈ ਅਤੇ ਭਾਰਤ ਵੱਲੋਂ ਵਿਨੇਸ਼ ਗੋਫਾਟ ਨੂੰ ਜੇਤੂਆਂ ਵਾਲੇ ਸਾਰੇ ਸਨਮਾਨ ਦੇਣ ਦੀ ਸ਼ਲਾਘਾ ਕੀਤੀ ਜਾਂਦੀ ਹੈ ਅੱਗੇ ਉਨ੍ਹਾ ਕਿਹਾ ਕਿ ਦੇਸ਼ ਦੀ ਸਰਕਾਰ ਵੱਲੋਂ ਵਿਨੇਸ਼ ਗਫਾਟ ਨੂੰ ਜੇਤੂਆਂ ਵਾਲੇ ਸਾਰੇ ਮਾਣ ਸਨਮਾਨ ਦੇਣ ਵਾਲੀ ਕਾਰਵਾਈ ਨੇ ਉੱਚ ਖਿਡਾਰੀਆਂ ਦਾ ਮਾਣ ਵਧਾਇਆ ਜੋ ਸਮੇਂ ਦੀ ਲੋੜ ਵਾਲਾ ਸ਼ਲਾਘਾਯੋਗ ਉਪਰਾਲਾ ਕਿਹਾ ਜਾ ਸਕਦਾ ਹੈ ਇਸ ਮੋਕੇ ਪਰਮਜੀਤ ਸਿੰਘ ਲਵਲੀ ਦਿਲਬਾਗ ਸਿੰਘ ਨੰਗਲ ਗੁਰੂਚਰਨਜੀਤ ਸਿੰਘ ਅਤੇ ਹੋਰ ਵੀ ਹਜਾਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੈਰਿਸ ਓਲੰਪਿਕ ਚ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ : ਈ ਟੀ ਉ, ਜਲਾਲ ਉਸਮਾ



**ਚੌਂਕ ਮਹਿਤਾ, 9 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੈਰਿਸ ਓਲੰਪਿਕ ਵਿਚ ਭਾਰਤੀ ਹਾਕੀ ਟੀਮ ਵੱਲੋਂ ਸਪੇਨ ਨੂੰ 2-1 ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤਣ ਨਾਲ ਸੰਸਾਰ ਪੱਧਰ ਤੇ ਦੇਸ਼ ਦਾ ਮਾਣ ਵਧਿਆ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਅਤੇ ਹਲਕਾ ਜੰਡਿਆਲਾ ਗੁਰੂ ਸੀਨੀਅਰ ਲੀਡਰ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਪ੍ਰਧਾਨ ਜਿਲਾ ਵਾਈਸ ਵਾਪਾਰ ਮੰਡਲ ਅੰਮ੍ਰਿਸਰ ਪੀ ਏ ਸ੍ਰੀ ਵਿਨੀਤ ਵਰਮਾ ਜੀ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਸ਼ਾਨਦਾਰ ਜਿੱਤ ਤੇ ਉਨ੍ਹਾਂ ਨੇ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਤੇ ਵਾਈਸ ਕਪਤਾਨ ਹਾਰਦਿਕ ਸਿੰਘ ਸਮੇਤ ਟੀਮ ਦੇ ਹੋਰਨਾਂ ਖਿਡਾਰੀਆਂ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਹੋਰ ਉੱਚੀਆਂ ਬੁਲੰਦੀਆਂ ਨੂੰ ਛੂਹਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਭਾਰਤੀ ਹਾਕੀ ਟੀਮ ਨੇ ਪੈਰਿਸ ਓਲੰਪਿਕਸ ਵਿੱਚ ਇਤਿਹਾਸ ਰਚਦਿਆਂ ਕਾਂਸੀ ਦਾ ਮੈਡਲ ਜਿੱਤਿਆ ਹੈ, ਉਨ੍ਹਾਂ ਕਿਹਾ ਕਿ ਇਹ ਪੈਰਿਸ ਵਿਖੇ ਭਾਰਤ ਨੇ ਚੌਥਾ ਓਲੰਪਿਕਸ ਮੈਡਲ ਜਿੱਤਿਆ ਹੈ। ਜੋ ਭਾਰਤ ਦੇਸ਼ ਲਈ ਹੋਰ ਵੀ ਮਾਣ ਵਾਲੀ ਗੱਲ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿਹਤ ਵਿਭਾਗ ਨੇ

# ਪਿੰਡ ਲੱਡਾ ,ਬੇਨੜਾ ਵਿਖੇ ਡ੍ਰਾਈ ਡੇ ਐਕਟੀਵਿਟੀ ਕੀਤੀ



ਧੂਰੀ ( ਰਣਜੀਤ ਸਿੰਘ ਪੇਧਨੀ ) ਸਿਵਲ ਸਰਜਨ ਡਾਕਟਰ ਕਿਰਪਾਲ ਸਿੰਘ ਜੀ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਐਸ ਐਮ ਓ ਡਾਕਟਰ ਮਹੁੰਮਦ ਅਖ਼ਤਰ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਅਤੇ ਰਾਜਵੀਰ ਸਿੰਘ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਆਈ ਆਰ ਬੀ ਲੱਡਾਂ ਕੋਠੀ ਅਤੇ ਸਦਰ ਥਾਣਾ ਬੇਨੜਾ ਵਿਖੇ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ ਜਿਸ ਦੌਰਾਨ ਸਦਰ ਥਾਣਾ ਬੇਨੜਾ ਅਤੇ ਆਈ ਆਰ ਬੀ ਦੇ ਮੁਲਾਜ਼ਮਾਂ ਦੇ ਕੁਆਟਰ ਅਤੇ ਦਫ਼ਤਰ ਵਿੱਚ ਟੇਮੀਫਾਸ਼ ਦੀ ਸਪਰੇ ਕਰਵਾਈ ਗਈ ।ਉਥੇ ਮੌਜੂਦ ਵਿਆਕਤੀਆਂ ਨੂੰ ਡੈਂਗੂ ,ਮਲੇਰੀਆ ,ਚਿਕਨਗੁਨੀਆ ਅਤੇ ਮੌਸਮੀ ਬਿਮਾਰੀਆਂ ਦੇ ਚਿੰਨ੍ਹ ਅਤੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ ।ਇਸ ਮੌਕੇ ਬੁਖਾਰ ਵਾਲੇ ਕੇਸਾ ਦੇ ਖ਼ੂਨ ਦੇ ਸੈਪਲ ਇਕੱਤਰ ਕਰਕੇ ਸੀ ਐਚ ਸੀ ਪੱਧਰ ਤੇ ਲੈਬਾਟਰੀ ਵਿੱਚ ਭੇਜੇ ਗਏ ਅਤੇ ਲੋਕਾਂ ਬਿਮਾਰੀਆਂ ਨਾਲ ਸਬੰਧਿਤ ਇਸਤਿਹਾਰ ਵੰਡੇ ਗਏ ਤੇ ਡੈਂਗੂ ਐਪ ਡਾਊਨਲੋਡ ਕਰਨ ਲਈ ਪ੍ਰੇਰਤ ਕੀਤਾ ਗਿਆ ਤੇ ਦੱਸਿਆ ਗਿਆ ਕੇ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜੋ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਫਰਿੱਜਾਂ ਪਿੱਛੇ ਲੱਗੀ ਟਰੇਆਂ ,ਗਮਲਿਆਂ ,ਕੰਨਟੇਨਰਾ ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਤਾਂ ਜੋ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ।ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ,ਮਾਸ ਪੇਸ਼ੀਆਂ ਅਤੇ ਜੋੜਾਂ ਠ੍ਹਕ ਦਰਦ ,ਜੀ ਕੱਚਾ ਹੋਣਾ ਅਤੇ ਉਲਟੀਆਂ ,ਹਾਲਤ ਖ਼ਰਾਬ ਹੋਣ ਤੇ ਨੱਕ ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ।ਇਸ ਮੌਕੇ ਸਾਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਗੂ ਦ ਟੇਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਟੀਮ ਮੈਂਬਰ ਅਮਰੀਕ ਸਿੰਘ ਸਿੱਧੂ, ਗੁਰਵਿੰਦਰ ਸਿੰਘ ,ਜਸਵਿੰਦਰ ਸਿੰਘ ਸੰਧੂ ਮ,ਪ,ਹ,ਵ (ਮ) ਅਤੇ ਬ੍ਰੀਡਰ ਚੈਕਰ ਅਰਵਿੰਦਰ ਸਿੰਘ ,ਲਖਵਿੰਦਰ ਸਿੰਘ ਹਾਜ਼ਰ ਸਨ।

### ਮਾਝਾ ਕਿਸਾਨ ਸੰਘਰਸ਼ ਕਮੇਟੀ ਵੱਲੋਂ

# ਕੋਆਪਰੇਟਿਵ ਘਰਾਣਿਆਂ ਦਾ ਪੁਤਲਾ ਫੂਕਿਆ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 9 ਅਗਸਤ (ਕੁਲਜੀਤ ਸਿੰਘ ਖੋਖਰ)**-ਸੰਯੁਕਤ ਮੋਰਚੇ ਦੀ ਕਾਲ ਤੇ ਮਾਝਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸ੍ਰੀ ਹਰਗੋਬਿੰਦਪੁਰ ਸਾਹਿਬ ,ਕਾਦੀਆਂ ,ਕਾਹਨੂੰਵਾਨ, ਗੁਰਦਾਸਪੁਰ ਤਹਿਸੀਲਾਂ ਦੇ ਅੱਗੇ ਕੋਪਰੇਟ ਭਜਾਓ ਅਤੇ ਪੰਜਾਬ ਬਚਾਓ ਦੇ ਨਾਅਰੇ ਅਧੀਨ ਕੋਆਪਰੇਟਿਵ ਘਰਾਣਿਆਂ ਦੇ ਪੁਤਲੇ ਫੂਕੇ ਗਏ ਅਤੇ ਨਾਰੇਬਾਜ਼ੀ ਕੀਤੀ ਗਈ ਇਸ ਮੌਕੇ ਪੰਜਾਬ ਪ੍ਰਧਾਨ ਬਲਵਿੰਦਰ ਸਿੰਘ ਰਾਜੂ ਔਲਖ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਕੁਝ ਸਾਲਾਂ ਵਿੱਚ ਵੱਡੇ ਕੋਪਰੇਟਿਵ ਘਰਾਣਿਆਂ ਨੇ ਖੇਤੀਬਾੜੀ ਵਿੱਚ ਆਪਣੀ ਦਖਲਦਾਜੀ ਵਧਾਈ ਹੈ ਇਹ ਘਰਾਣੇ ਖੇਤੀਬਾੜੀ ਦੇ ਵਿਕਾਸ ਤੇ ਨਵਿਨਤਮ ਦੇ ਨਾਮ ਤੇ ਖੇਤਾਂ ਤੇ ਕਬਜ਼ਾ ਕਰ ਰਹੇ ਹਨ ,ਇਸ ਨਾਲ ਖੇਤ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਦੀ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ ਉਹਨਾਂ ਦੇ ਰੋਜ਼ਗਾਰ ਦੇ ਮੌਕੇ ਘੱਟ ਰਹੇ ਹਨ ਤੇ ਹਰੇਕ ਵਰਗ ਕਰਜ਼ੇ ਦੇ ਬੋਝ ਹੇਠਾਂ ਦੱਬ ਰਿਹਾ ਹੈ। ਪ੍ਰਧਾਨ ਜੀ ਨੇ ਕਿਹਾ ਕਿ ਇਹ ਮੁਹਿੰਮ ਸਿਰਫ ਕਿਸਾਨਾਂ ਤੇ ਖੇਤੀਬਾੜੀ ਨਾਲ ਹੀ ਸੰਬੰਧਿਤ ਨਹੀਂ ਹੈ ਇਹ ਇੱਕ ਆਵਾਜ਼ ਹੈ ਜੋ ਹਰ ਵਰਗ ਨੂੰ ਬਚਾਉਣ ਲਈ ਉੱਠ ਰਹੀ ਹੈ ਕਿਉਂਕਿ ਇਹਨਾਂ ਘਰਾਣਿਆਂ ਦੀ ਦਖਲਦਾਰੀ ਨਾਲ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਤੇ ਸਵੈ ਰੁਜ਼ਗਾਰ ਵੀ ਖਤਰੇ ਵਿੱਚ ਹੈ। ਪ੍ਰਧਾਨ ਜੀ ਨੇ ਕਿਹਾ ਕਿ ਕਿਸੇ ਵੀ ਹਾਲਾਤ ਵਿੱਚ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਰਬਾਦ ਨਹੀਂ ਹੋਣ ਦਿੱਤਾ ਜਾਵੇਗਾ ਤੇ ਕੋਆਪਰੇਟਿਵ ਭਜਾਓ ਦੇਸ਼ ਬਚਾਓ ਦੇ ਨਾਅਰੇ ਨੂੰ ਕਾਮਯਾਬ ਬਣਾਇਆ ਜਾਵੇਗਾ ਇਸ ਮੌਕੇ ਤੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਰਾਜੂ ਔਲਖ ਕਸ਼ਮੀਰ ਸਿੰਘ ਤੁਗਲਵਾਲ ਸਰਪ੍ਰਸਤ ਰਾਜੂ ਭਿੰਡਰ ਜਨਰਲ ਸਕੱਤਰ ਜ਼ਿਲ੍ਹਾ ਵਾਈਸ ਪ੍ਰਧਾਨ ਸਤਨਾਮ ਸਿੰਘ ਦੁਨੀਆ ਸੰਧੂ ਸੀਨੀਅਰ ਆਗੂ ਮਨੋਹਰ ਸਿੰਘ ਕਾਨਵਾਨ ਮਨਜੀਤ ਸਿੰਘ ਡੱਲਾ ਸਰਕਲ ਪ੍ਰਧਾਨ ਹਰਵਿੰਦਰ ਸਿੰਘ ਸੈਕਟਰੀ ਸੁਖਜਿੰਦਰ ਸਿੰਘ ਕੱਤੋਵਾਲ ਗੁਰਸ਼ਰਨ ਸਿੰਘ ਜਿਲ੍ਹਾ ਪ੍ਰਧਾਨ ਪਠਾਨਕੋਟ ਸਰਪੰਚ ਅਮਰਜੀਤ ਸਿੰਘ ਗੁਰਾ ਅਮਨ ਰੰਧਾਵਾ ਅਮਨ ਰਿਆੜ ਤੁਗਲਵਾਲ ਮੀਡੀਆ ਇੰਚਾਰਜ ਨਰਿੰਦਰ ਕੋਹਾਲੀ ਚੇਅਰਮੈਨ ਹਰਦਿਆਲ ਸਿੰਘ ਧੱਕੜ ਕੁਲਦੀਪ ਸਿੰਘ ਸਾਭੀ ਚੇਅਰਮੈਨ ਦਾਰਾ ਸਿੰਘ ਬਾਗਰੀਆ ਦੀਪ ਸਿੰਘ ਰਾਜਪੂਰਾ ਨੇਪਾਲ ਸਿੰਘ ਮਲਾਵਾਲ ਦਵਿੰਦਰ ਸਿੰਘ ਸਰਪੰਚ ਦਵਿੰਦਰ ਸਿੰਘ ਨਾਗਰਾ ਪ੍ਰਧਾਨ ਕੁਲਦੀਪ ਸਿੰਘ ਦੁਨੀਆ ਸੰਧੂ ਚਰਨਜੀਤ ਸਿੰਘ ਪੰਡੋਰੀ ਕੁਲਦੀਪ ਸਿੰਘ ਪ੍ਰਧਾਨ ਫਤੂ ਬਰਕਤ ਨਿਸ਼ਾਨ ਸਿੰਘ ਭੈਣੀ ਖਾਦਰ ਦਲੇਰ ਸਿੰਘ ਸਰਪੰਚ ਡੋਗਰ ਮਹੇਸ਼ ਸਾਬੀ ਸਰਪੰਚ ਮਹੇਸ਼ ਗੀਤਾ ਭਲਵਾਨ ਲਾਡੀ ਬਲ ਭੇਟ ਪੱਤਣ ਜੱਗਾ ਤੁਗਲਵਾਲ ਜੋਨ ਕਾਨ ਮੇ 26 ਸਰਪੰਚ ਮਹੇਸ਼ ਜੀਤਾ ਭਲਵਾਨ ਗੋਪੀ ਔਲਖ ਤਰਨਜੀਤ ਸਿੰਘ ਨਵਜੀਤ ਜੋਨ ਕਾਦੀਆਂ ਤੋਂ ਦੁਨੀਆ ਸੰਧੂ ਡੱਲਾ ਹਰਚਵਾਲ ਤੁਗਲਵਾਲ ਸਿਸਰਾ ਡੇਰੀਵਾਲ ਔਲਖ ਭੇਟ ਪੱਤਣ ਕਾਸ ਕਲੇਰ ਸੂਚ ਠੱਕਰਵਾਲ ਜਲਾਲਪੁਰ ਬਗੋਲ ਗਿੱਲ ਮੰਜ ਮਲੀਆਂ ਬਖਸ਼ਪੁਰਾ ਧੰਨੇ ਰਾਜਪੁਰਾ ਕੀੜੀ ਪਨਵਾ ਰੋਲਾਵਾਲੀ ਘਸ ਕਲੇਰ ਆਦਿ ਜੋਨਾਂ ਤੋਂ ਕਿਸਾਨਾਂ ਨੇ ਹਾਜਰੀ ਭਰੀ।



# ਬੀ.ਕਾਮ ਦੂਜਾ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ



**ਚੌਕ ਮਹਿਤਾ, 9 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਚੱਲ ਰਹੀ ਵਿਦਿਅਕ ਸੰਸਥਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ.ਕਾਮ ਸਮੈਸਟਰ ਦੂਜਾ ਦੇ ਨਤੀਜੇ ਪ੍ਰਸ਼ੰਸਾ ਯੋਗ ਰਹੇ ।ਯੂਨੀਵਰਸਿਟੀ ਦੀਆਂ ਇਹਨਾਂ ਪ੍ਰੀਖਿਆਵਾਂ ਵਿੱਚੋਂ ਬੀ.ਕਾਮ ਸਮੈਸਟਰ ਦੂਜਾ ਦੀ ਮਨਦੀਪ ਕੌਰ 80%, ਸੁਖਮਨਦੀਪ ਕੌਰ 78% ,ਜਗਪ੍ਰੀਤ ਕੌਰ , ਹਰਪ੍ਰੀਤ ਕੌਰ, ਸਿਮਰਨਜੋਤ ਕੌਰ , ਅਵਨੀਤ ਕੌਰ 76 % ਅਤੇ ਸੁਖਮਨਦੀਪ ਕੌਰ , ਜਸ਼ਨਪ੍ਰੀਤ ਕੌਰ ਆਦਿ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਵਿਦਿਆਰਥੀਆਂ ਦੀ ਸਫਲਤਾ ਨੂੰ ਦੇਖ ਕੇ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਸਾਰੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਅਤੇ ਹੌਸਲਾ ਅਫਜਾਈ ਕੀਤੀ ਤਾਂ ਜੋ ਉਹ ਭਵਿੱਖ ਵਿੱਚ ਹੋਰ ਵਧੀਆ ਅੰਕ ਪ੍ਰਾਪਤ ਕਰ ਸਕਣ। ਉਹਨਾਂ ਆਸ ਕੀਤੀ ਕਿ ਵਿਦਿਆਰਥੀ ਭਵਿੱਖ ਵਿੱਚ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਕੇ ਆਪਣੀ ਜੀਵਨ ਨੂੰ ਸਫਲ ਬਣਾਉਣ ਅਤੇ ਇਸ ਸੰਸਥਾ ਦਾ ਨਾਮ ਰੌਸ਼ਨ ਕਰਨ ਅਤੇ ਨਾਲ ਹੀ ਅਧਿਆਪਕਾਂ ਦੀ ਵੀ ਪ੍ਰਸ਼ੰਸਾ ਕੀਤੀ ਜਿਨਾਂ ਦੀ ਮਿਹਨਤ ਦੇ ਸਦਕਾ ਵਿਦਿਆਰਥੀਆਂ ਨੇ ਸਫਲਤਾ ਹਾਸਿਲ ਕੀਤੀ। ਇਸ ਸੁਨਹਿਰੀ ਮੌਕੇ ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਸਕੂਲ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ,ਕਾਲਜ ਸੁਪਰੀਡੈਂਟ ਕੁਲਦੀਪ ਕੌਰ ਕਿਰਨਦੀਪ ਕੌਰ ,ਗੁਰਸ਼ਰਨਪ੍ਰੀਤ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਗਰਭਵਤੀ ਔਰਤਾਂ ਦੀ ਸੰਭਾਲ ਸੁਚਾਰੂ ਢੰਗ ਨਾਲ ਕਰਵਾਉਣ ਲਈ ਸਟਾਫ਼ ਨੂੰ ਦਿੱਤੀ ਗਈ ਸਿਖਲਾਈ





**ਚੌਕ ਮਹਿਤਾ, 9 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਵਲ ਸਰਜਨ ਅੰਮ੍ਰਿਤਸਰ ਡਾ ਸੁਮੀਤ ਸਿੰਘ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਨੀਲਮ ਦੀ ਰਹਿਨੁਮਾਈ ਹੇਠ ਜਿਲਾ ਪੱਧਰੀ ਟੀਮ ਨੇ ਬਲਾਕ ਮਾਨਾਂਵਾਲਾ ਦੇ ਸਮੂਹ ਕਮਿਊਨਿਟੀ ਹੈਲਥ ਅਫਸਰ, ਏ.ਐਨ.ਐਮ ਅਤੇ ਐਲ.ਐਚ.ਵੀ ਦੀ ਯੋਗ ਅਗਵਾਈ ਹੇਠ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਦੀ ਸੰਭਾਲ ਸੁਚਾਰੂ ਢੰਗ ਨਾਲ ਕਰਵਾਉਣ ਲਈ ਸਿਖਲਾਈ ਦਿੱਤੀ ਗਈ। "ਹਰ ਗਰਭਵਤੀ ਔਰਤ ਨੂੰ ਹੋਵੇ ਅਹਿਸਾਸ ਕਿ ਉਹ ਹੈ ਸਬ ਤੋਂ ਖਾਸ ਦੇ ਨਾਅਰੇ" ਨੂੰ ਸਾਰਥਕ ਕਰਨ ਦੇ ਮਨੋਰਥ ਨਾਲ ਦਿੱਤੀ ਇਸ ਸਿਖਲਾਈ ਵਿੱਚ ਬਲਾਕ ਦੇ ਸਮੂਹ ਕਮਿਊਨਿਟੀ ਹੈਲਥ ਅਫਸਰ, ਏ,ਐਨ.ਐਮ ਅਤੇ ਐਲ.ਐਚ.ਵੀ ਨੇ ਭਾਗ ਲਿਆ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਨੀਲਮ ਨੇ ਸਮੂਹ ਫ਼ੀਲਡ ਸਟਾਫ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵਲੋਂ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਨੂੰ ਮਿਲਣ ਵਾਲੀਆਂ ਵਲੋਂ ਮੁਫ਼ਤ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਹਰ ਗਰਭਵਤੀ ਔਰਤ ਦੀ ਰਜਿਸਟਰੇਸ਼ਨ ਤੋਂ ਲੈਕੇ ਉਸਦੇ ਸਾਰੇ ਚੈੱਕਅਪ ਸਮੇਂ ਸਿਰ ਕਰਵਾਉਣ ਅਤੇ ਗਰਭਵਤੀ ਅਵਸਥਾ ਦੌਰਾਨ ਆਉਣ ਵਾਲੀਆਂ ਮੁਸ਼ਿਕਲਾਂ ਜਾਂ ਹਾਈ ਰਿਸ੍ਕ ਕਾਰਨਾਂ ਦੀ ਸਮੇਂ ਸਿਰ ਪਹਿਚਾਣ ਕਰਕੇ, ਓਹਨਾ ਦਾ ਸਹੀ ਇਲਾਜ਼ ਕਰਵਾਉਣਾ ਯਕੀਨੀ ਬਣਾਉਣ ਲਈ ਕਿਹਾ। ਓਹਨਾ ਕਿਹਾ ਕਿ 9 ਮਹੀਨੇ ਦੀ ਗਰਭ ਅਵਸਥਾ ਦੌਰਾਨ ਪੀ.ਐਮ.ਐਸ.ਏ ਤਹਿਤ ਸਰਕਾਰੀ ਸਿਹਤ ਕੇਂਦਰ ਜਿਥੇ ਮੈਡੀਕਲ ਅਫਸਰ ਮੌਜੂਦ ਹਨ ਓਹਨਾ ਤੋਂ ਹਰ ਤਿਮਾਹੀ ਵਿੱਚ ਇਕ ਵਾਰ ਜਾਂਚ ਜਰੂਰ ਕਰਵਾਉਣੀ ਚਾਹੀਦੀ ਹੈ ਅਤੇ ਸਾਰੀਆਂ ਲਾਗੂ ਹੋਣ ਵਾਲੀਆਂ ਡਾਇਗਨੌਸਟਿਕ ਸੇਵਾਵਾਂ, ਕਲੀਨਿਕਲ ਸਥਿਤੀਆਂ ਲਈ ਸਕ੍ਰੀਨਿੰਗ, ਤਾਂ ਜੋ ਸਮੇ ਸਿਰ ਅਨੀਮੀਆ, ਗਰਭ ਅਵਸਥਾ ਤੋਂ ਪ੍ਰੇਰਿਤ ਹਾਈਪਰਟੈਨਸ਼ਨ, ਗਰਭਕਾਲੀ ਸ਼ੂਗਰ ਆਦਿ ਜਿਹੇ ਕਾਰਨਾਂ ਦਾ ਸਮੇਂ ਰਹਿੰਦੇ ਢੁਕਵਾਂ ਪ੍ਰਬੰਧਨ ਕਰਕੇ ਸੁਰੱਖਿਅਤ ਮਾਤ੍ਰਤਵ ਪ੍ਰਦਾਨ ਕੀਤਾ ਜਾ ਸਕੇ । ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਵਲੋਂ ਹਸਪਤਾਲ ਦੇ ਲੇਬਰ ਰੂਮ ਅਤੇ ਡਿਲਿਵਰੀ ਦੌਰਾਨ ਮਿਲਣ ਵਾਲਿਆਂ ਸੇਵਾਵਾਂ ਦਾ ਜਾਇਜਾ ਲਿਆ। ਇਸ ਮੌਕੇ ਜ਼ਿਲ੍ਹਾ ਡਿਪਟੀ ਮਾਸ ਮੀਡਿਆ ਅਫਸਰ ਕਮਲਦੀਪ ਭੱਲਾ, ਐਲ.ਐਚ.ਵੀ ਤ੍ਰਿਪਤਾ, ਐਨ.ਸੀ.ਡੀ ਸੈੱਲ ਤੋਂ ਗੁਲਸ਼ਨ ਕੁਮਾਰ ਵਲੋਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੀ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ। ਇਸ ਮੌਕੇ ਬੀ.ਈ.ਈ ਸੌਰਵ ਸ਼ਰਮਾ, ਐਲ.ਐਚ.ਵੀ ਰਾਜਵਿੰਦਰਪਾਲ ਕੌਰ, ਜਗਜੀਰ ਕੌਰ, ਰੁਪਿੰਦਰ ਕੌਰ ਪ੍ਰਭਜਿੰਦਰ ਕੌਰ, ਸਵਰਾਜ ਕੌਰ, ਐਸ.ਐਮ.ਆਈ ਪ੍ਰਿਤਪਾਲ ਸਿੰਘ, ਪ੍ਰਿੰਸ ਮੇਲ ਹੈਲਥ ਵਰਕਰ ਸਹਿਤ ਸਮੂਹ ਸਟਾਫ ਮੌਜੂਦ ਸੀ।

### ਹਠੂਰ ਵਿੱਚ ਹੋਈ ਵੱਖ ਵੱਖ ਗੱਤਕਾ ਅਖਾੜਿਆਂ ਦੀ ਵਿਸ਼ੇਸ਼ ਮੀਟਿੰਗ

# ਕਿਸੇ ਵੀ ਫੈਡਰੇਸ਼ਨ ਦੇ ਦਬਾਅ ਹੇਠ ਨਹੀਂ ਚੱਲਾਂਗੇ : ਹਰਪ੍ਰੀਤ ਸਿੰਘ ਖਾਲਸਾ




ਹਠੂਰ/ਜਗਰਾਉਂ (ਵਰਿਆਮ ਹਠੂਰ) ਕੈਲੇਫੋਰਨੀਆ ਗੱਤਕਾ ਦਲ ਵੱਲੋਂ ਚੱਲ ਰਹੇ ਗੱਤਕਾ ਅਖਾੜਿਆ ਦੇ ਜਿੰਮੇਵਾਰ ਸਿੰਘਾਂ ਦੀ ਗੱਤਕਾ ਸੰਬੰਧੀ, ਗੁਰਬਾਣੀ, ਅਤੇ ਕੀਰਤਨ ਸੰਬੰਧੀ ਇੱਕ ਵਿਸ਼ੇਸ਼ ਮੀਟਿੰਗ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਕਸਬਾ ਹਠੂਰ ਦੀ ਧਰਤੀ ਤੇ ਸੁਸ਼ੋਭਿਤ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਹੋਈ, ਇਸ ਮੀਟਿੰਗ ਵਿੱਚ ਵੱਖ ਵੱਖ ਤਰ੍ਹਾਂ ਦੇ ਵਿਚਾਰ ਵਟਾਂਦਰੇ ਕੀਤੇ ਗਏ। ਗੱਲਬਾਤ ਕਰਦਿਆਂ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ ਹਠੂਰ ਨੇ ਕਿਹਾ ਕਿ ਵੱਖ ਵੱਖ ਗੱਤਕਾ ਅਖਾੜਿਆਂ ਦੀ ਖ਼ਾਸ ਮੀਟਿੰਗ ਕੀਤੀ ਗਈ ਹੈ ਜਿਨ੍ਹਾਂ ਵਿੱਚ

1 ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ
2. ਸ਼ਾਹਿਬਜਾਦਾ ਬਾਬਾ ਜੁਝਾਰ ਸਿੰਘ ਗੱਤਕਾ ਅਖਾੜਾ ਪਿੰਡ ਲੱਖਾ
3. ਮਹੰਤ ਕਿਰਪਾਲ ਦਾਸ ਗੱਤਕਾ ਅਖਾੜਾ ਹੇਰਾਂ
4. ਮੀਰੀ ਪੀਰੀ ਗੱਤਕਾ ਅਖਾੜਾ ਗਿੱਲ ਕਲਾ ਬਠਿੰਡਾ
5. ਸਦਾ ਅੰਗ ਸੰਗੇ ਗੱਤਕਾ ਅਖਾੜਾ ਫੇਰੂਰਾਈਂ
6. ਜਰਨੈਲ ਸ਼ਾਮ ਸਿੰਘ ਅਟਾਰੀ ਗੱਤਕਾ ਅਖਾੜਾ ਪਿੰਡ ਦੀਵਾਨਾ
7. ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਨੂਰਪੁਰਾ ਰਾਏਕੋਟ
8. ਮਾਈ ਭਾਗੋ ਗੱਤਕਾ ਅਖਾੜਾ ਮਨਸੂਰਾਂ ਜੋਧਾਂ ਲੁਧਿਆਣਾ

ਸਾਰੇ ਅਖਾੜਿਆਂ ਨੇ ਮੀਟਿੰਗ ਵਿੱਚ ਹਿੱਸਾ ਲਿਆ ਤੇ ਗੱਤਕਾ ਅਖਾੜਿਆਂ ਦੇ ਸੀਨੀਅਰ ਸਿੰਘ ਤੇ ਜਿੰਮੇਵਾਰ ਸਿੰਘਾਂ ਨੇ ਰਲ ਕੇ ਗੁਰਮਤਾ ਪਾਸ ਕੀਤਾ ਹੈ ਕਿ ਸਾਰੇ ਅਖਾੜਿਆਂ ਨੇ ਬਾਣੀ ਤੇ ਬਾਣੇ ਤੇ ਪਹਿਰਾ ਦੇਣਾ ਹੈ। ਕਿਸੇ ਵੀ ਫੈਡਰੇਸ਼ਨ ਦੇ ਦਬਾਅ ਹੇਠ ਨੀ ਚੱਲਣਾ ਭਾਈ ਹਰਪ੍ਰੀਤ ਸਿੰਘ ਖਾਲਸਾ ਹਠੂਰ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਲਈ ਅਸੀਂ ਲਗਾਤਾਰ ਉਪਰਾਲੇ ਕਰ ਰਹੇ ਹਾਂ, ਤੇ ਨਗਰ ਵਿੱਚ ਵੀ ਹਰ ਸਾਲ ਵੱਡਾ ਗੱਤਕਾ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਜਿਸ ਵਿੱਚ ਨਗਰ ਦੀਆਂ ਗੁਰਸੰਗਤਾਂ ਅਤੇ ਐੱਨ ਆਰ ਆਈ ਵੀਰ ਸਹਿਯੋਗ ਕਰਦੇ ਹਨ। ਨੌਜਵਾਨਾਂ ਨੂੰ ਨਸ਼ਿਆਂ ਅਤੇ ਪਤਿਤਪੁਣੇ ਤੋਂ ਮੋੜ ਗੁਰਸਿੱਖੀ ਨਾਲ ਜੋੜਨ ਲਈ ਹਮੇਸ਼ਾ ਦੀ ਤਰ੍ਹਾਂ ਉਪਰਾਲੇ ਜਾਰੀ ਰਹਿਣਗੇ, ਅੰਤ ਵਿੱਚ ਉਨ੍ਹਾਂ ਸਮੂਹ ਗੱਤਕਾ ਅਖਾੜਿਆਂ ਦਾ ਧੰਨਵਾਦ ਕੀਤਾ, ਇਸ ਤੋਂ ਇਲਾਵਾ ਕੈਲੇਫੋਰਨੀਆਂ ਗੱਤਕਾ ਦਲ ਵੱਲੋਂ ਸਹਿਯੋਗ ਦੇਣ ਲਈ ਸਾਰੇ ਸਿੰਘਾਂ ਦਾ ਧੰਨਵਾਦ ਕੀਤਾ ਗਿਆ, ਇਸ ਮੌਕੇ ਭਾਈ ਹਰਪ੍ਰੀਤ ਸਿੰਘ ਖਾਲਸਾ ਹਠੂਰ, ਭਾਈ ਹਰਜੀਤ ਸਿੰਘ ਖਾਲਸਾ ਗਿੱਲ ਕਲਾਂ ਬਠਿੰਡਾ, ਮਨਿੰਦਰ ਸਿੰਘ ਕੁਰਾੜਵਾਲਾ, ਕਥਾ ਵਾਚਕ ਅਰਸ਼ਦੀਪ ਸਿੰਘ ਅੱਚਰਵਾਲ ,ਭਾਈ ਗੁਰਜੰਟ ਸਿੰਘ ਖ਼ਾਲਸਾ ਰਸੂਲਪੁਰ ਵਾਲੇ ਭਾਈ ਅਜੀਤਪਾਲ ਸਿੰਘ ਹੇਰਾਂ, ਪ੍ਰਧਾਨ ਰਜਿੰਦਰ ਸਿੰਘ, ਡਾਕਟਰ ਫੁਲਵਿੰਦਰ ਸਿੰਘ ਛੱਜਾਵਾਲ ਸਮੇਤ ਹੋਰ ਨੌਜਵਾਨ ਹਾਜ਼ਰ ਸਨ।

### ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨਾਲ

# ਬੱਚਿਆਂ ਨੂੰ ਜੋੜਣਾ ਹੀ ਸਾਡਾ ਉਦੇਸ਼ ਹੈ-ਰਸ਼ਿਪੰਦਰ ਕੌਰ ਗਿੱਲ





**ਪੀਂਘਾਂ ਸੋਚ** ਦੀਆਂ ਸਾਹਿਤ ਮੰਚ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਸਕੂਲਾਂ ਅਤੇ ਕਾਲਜਾਂ ਵਿੱਚ ਕਵਿਤਾ ਮੁਕਾਬਲੇ ਕਰਵਾ ਕੇ ਆਪਣੀ ਅਗਲੀ ਪੀੜੀ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਅਤੇ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੋੜਣਾ ਹੈ। ਇਸ ਮੰਚ ਦਾ ਉਦੇਸ਼ ਅਗਲੀ ਪੀੜੀ ਨੂੰ ਪੰਜਾਬੀ ਵਿਰਸੇ ਦੀ ਸ਼ਾਨੋ-ਸ਼ੌਕਤ ਨਾਲ ਵਾਕਿਫ ਕਰਵਾਉਣਾ ਹੈ।ਇਸ ਕਾਰਜ ਵਿੱਚ ਮੰਚ ਨਾਲ ਜੁੜੇ ਲੁਧਿਆਣ ਤੋਂ ਲੇਖਕ ਵਕੀਲ ਤ੍ਰਿਪਤਾ ਬਰਮੌਤਾ ਜੀ, ਅਧਿਆਪਕ ਕੁਲਦੀਪ ਕੌਰ ਸਚਦੇਵਾ ਜੀ ਅਤੇ ਪ੍ਰਭਜੋਤ ਸਿੰਘ ਜੀ ਦੀ ਅਣਥੱਕ ਮਿਹਨਤ ਸਫਲ ਹੋ ਰਹੀ ਹੈ। ਮੰਚ ਵੱਲੋਂ 27 ਜੁਲਾਈ ਨੂੰ ਲੁਧਿਆਣਾ ਵਿਖੇ ਸ. ਆਤਮਾ ਸਿੰਘ ਪਬਲਿਕ ਸਕੂਲ ਵਿਖੇ ਦੂਜਾ ਕਵਿਤਾ ਮੁਕਾਬਲਾ ਕਰਵਾਇਆ ਗਿਆ। ਜਿਸ ਨੂੰ ਸਪਾਂਸਰ ਕੀਤਾ ਸੀ ਯੂਕੋ ਬੈਂਕ ਬ੍ਰਾਂਚ ਹੱਬੋਵਾਲ ਲੁਧਿਆਣਾ ਨੇ। ਯੂਕੋ ਬੈਂਕ ਦੇ ਮੈਨੇਜਰ ਰਛਪਾਲ ਸਿੰਘ ਜੀ ਇਸ ਮੰਚ ਦੀਆਂ ਗਤੀਵਿਧੀਆਆਂ ਤੋਂ ਪ੍ਰਭਾਵਿਤ ਹੋ ਕੇ ਇਸ ਮੰਚ ਨਾਲ ਜੁੜ ਕੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।27 ਜੁਲਾਈ ਦੇ ਮੁਕਾਬਲੇ ਵਿੱਚ ਰਛਪਾਲ ਸਿੰਘ ਜੀ ਨੇ ਸਕੂਲ ਦੇ ਬੱਚਿਆਂ ਨੂੰ 3100 ਰੁਪਏ ਕੈਸ਼ ਇਨਾਮ ਵੀ ਦਿੱਤਾ ਸੀ। 9 ਅਗਸਤ 2024 ਨੂੰ ਸ. ਆਤਮਾ ਸਿੰਘ ਸੀ.ਸੈ.ਪਬਲਿਕ ਸਕੂਲ ਨੇ ਆਪਣੀ ਜਿੰਮੇਵਾਰੀ ਸਮਝਦੇ ਹੋਏ, ਉਸ ਕੈਸ਼ ਦੇ ਤੋਹਫੇ ਲਿਆ ਕੇ ਬੱਚਿਆਂ ਨੂੰ ਵੰਡੇ। ਸਕੂਲ ਦੀ ਪ੍ਰਬੰਧਕੀ ਟੀਮ ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨਾਲ ਜੋੜ ਕੇ ਰੱਖਣ ਲਈ ਕਾਰਜਸ਼ੀਲ ਰਹਿਣ ਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਸਰਾਹਣਾ ਕਰਦਾ ਹੈ। ਇਹ ਛੋਟੇ ਛੋਟੇ ਤੋਹਫੇ ਬੱਚਿਆਂ ਦਾ ਉਤਸ਼ਾਹ ਵਧਾਉਂਦੇ ਹਨ ਅਤੇ ਸਕੂਲ ਦੀ ਉੱਚੀ ਸੋਚ ਨੂੰ ਦਰਸਾਉਂਦੇ ਹਨ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਸੰਸਥਾਪਕ ਰਸ਼ਿਪੰਦਰ ਕੌਰ ਗਿੱਲ ਨੇ ਕਿਹਾ ਕਿ ਜੇਕਰ ਅਸੀਂ ਸਾਰੇ ਆਪਣਾ ਫਰਜ਼ ਸਮਝ ਕੇ ਆਪਣੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਲਈ ਜਾਗਰੁਕ ਕਰਦੇ ਰਹਿਏ ਤਾਂ ਅਸੀਂ ਆਪਣੇ ਦੇਸ਼ ਪੰਜਾਬ ਦੀ ਸੇਵਾ ਵਿੱਚ ਆਪਣਾ ਵੱਢਮੁੱਲਾ ਯੋਗਦਾਨ ਪਾ ਸਕਦੇ ਹਾਂ। ਇਸ ਮੌਕੇ ਤੇ ਮੈਡਮ ਰਸ਼ਿਪੰਦਰ ਕੌਰ ਗਿੱਲ ਨੇ ਮੈਡਮ ਅਮਨਦੀਪ ਕੌਰ ਸਰਨਾ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਲੁਧਿਆਣਾ ਵਿਖੇ ਪਹਿਲਾ ਕਵਿਤਾ ਮੁਕਾਬਲਾ ਸ.ਸੀ.ਸੈ.ਸਕੂਲ ਅਯਾਲੀ ਖੁਰਦ 30 ਅਪ੍ਰੈਲ 2024 ਨੂੰ ਅਮਨਦੀਪ ਕੌਰ ਸਰਨਾ ਜੀ ਨੇ ਕਰਵਾਉਣਾ ਸੀ। ਪਰ 25 ਅਪ੍ਰੈਲ 2024 ਨੂੰ ਸੜਕ ਹਾਦਸੇ ਵਿੱਚ ਉਨਾਂ ਦੇ ਅਕਾਲ ਚਲਾਣੇ ਤੋਂ ਬਾਦ ਇਹ ਮੁਕਾਬਲਾ 18 ਮਈ ਨੂੰ ਮੰਚ ਦੀ ਸਮੁੱਚੀ ਟੀਮ ਨੇ ਆਪਣਾ ਫਰਜ਼ ਸਮਝਦੇ ਹੋਏ ਕਰਵਾਇਆ। ਮੈਡਮ ਰਸ਼ਿਪੰਦਰ ਕੌਰ ਗਿੱਲ ਨੇ ਕਿਹਾ ਕਿ ਲੁਧਿਆਣਾ ਵਿਖੇ ਸਕੂਲਾਂ ਵਿੱਚ ਕਵਿਤਾ ਮੁਕਾਬਲੇ ਦੀ ਲੜੀ ਮੈਡਮ ਅਮਨਦੀਪ ਕੌਰ ਸਰਨਾ ਜੀ ਦੀ ਖਵਾਇਸ਼ ਸੀ ਜੋ ਸਾਡਾ ਮੰਚ ਪੂਰਾ ਕਰਦਾ ਰਹੇਗਾ ਅਤੇ ਉਨ੍ਹਾਂ ਨੂੰ ਯਾਦ ਕਰਦਾ ਰਹੇਗਾ।

**ਲੁਧਿਆਣਾ ਵਿਖੇ ਸਕੂਲਾਂ ਵਿੱਚ ਕਵਿਤਾ ਮੁਕਾਬਲੇ ਦੀ ਲੜੀ ਮੈਡਮ ਅਮਨਦੀਪ ਕੌਰ ਸਰਨਾ ਜੀ ਦੀ ਖਵਾਇਸ਼ ਸੀ**

**-ਰਸ਼ਿਪੰਦਰ ਕੌਰ ਗਿੱਲ, ਸੰਸਥਾਪਕ, ਪ੍ਰਧਾਨ**
**ਪੀਂਘਾਂ ਸੋਚ ਦੀਆਂ ਸਾਹਿਤ ਮੰਚ, +91-9888697078**

# ਮੋਦੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਹਰ ਘਰ ਤੱਕ ਪਹੁੰਚਾਵਾਂਗੇ: ਬਸੰਤ ਕੁਮਾਰ ਕਾਂਝਲਾ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਜਿਨ੍ਹਾਂ ਬਾਰੇ ਪੰਜਾਬ ਦੇ ਗਰੀਬ ਵਰਗ ਨੂੰ ਜਾਣਕਾਰੀ ਨਹੀਂ ਹੈ। ਜਿਸ ਕਰਕੇ ਉਹ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਤੋਂ ਵਾਂਝੇ ਰਹੇ ਜਾਂਦੇ ਹਨ ।ਮੋਦੀ ਸਰਕਾਰ ਦੀਆਂ ਇਹਨਾਂ ਲੋਕ ਭਲਾਈ ਸਕੀਮਾਂ ਨੂੰ ਅਸੀਂ ਗਰੀਬ ਲੋਕਾਂ ਦ ਹਰ ਘਰ ਤੱਕ ਪਹੁੰਚਾਵਾਂਗੇ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਬਲਾਕ ਪ੍ਰਧਾਨ ਬਸੰਤ ਕੁਮਾਰ ਕਾਂਝਲਾ ਨੇ ਕੀਤਾ। ਉਹਨਾਂ ਕਿਹ ਰਿਹਾ ਕਿ ਸਾਡੇ ਬਹੁਤ ਹੀ ਹਰਮਨ ਪਿਆਰੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਗਰੀਬ ਲੋਕਾਂ ਲਈ ਭਾਰਤ ਦੀ ਸਰਕਾਰ ਨੇ ਗਰੀਬਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਲੋਕ ਭਲਾਈ ਸਕੀਮਾਂ ਚਲਾਈਆ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਮੁਫਤ ਪੰਜ ਲੱਖ ਰੁਪਏ ਤੱਕ ਦੇ ਮੁਫਤ ਲਈ ਅਯੁਸਮਾਨ ਭਵ ਯੋਜਨਾਂ ਜਿਸ ਤਹਿਤ ਬੀਮਾਰੀ ਦੀ ਹਾਲਤ ਚੋ ਮਰੀਜ ਲਈ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਚੋ ਮੁਫਤ ਇਲਾਜ ਮਿਲਦਾ ਹੈ। ਬਹੁਤ ਸਾਰੇ ਲੋਕ ਇਸ ਸਕੀਮ ਤੋਂ ਜਾਣਕਾਰੀ ਨਾ ਹੋਣ ਕਰਕੇ ਇਸ ਸਕੀਮ ਤੋਂ ਵਾਂਝੇ ਸਨ। ਅਸੀਂ ਲੋਕਾਂ ਤੱਕ ਇਸ ਸਕੀਮ ਨੂੰ ਪਹੁੰਚਾ ਰਹੇ ਹਾਂ। ਇਸ ਤੋਂ ਇਲਾਵਾ ਇੱਕ ਹੋਰ ਕਾਰਡ ਜਿਸ ਤਹਿਤ ਮਰੀਜ਼ ਲਈ ਬੀਮਾਰੀ ਦੀ ਹਾਲਤ ਚ ਪੰਜ ਲੱਖ ਰੁਪਏ ਤੱਕ ਦੀ ਮੁਫਤ ਦਵਾਈ ਲੈ ਸਕਦਾ ਇਸ ਸਕੀਮ ਨੂੰ ਵੀ ਅਸੀਂ ਲੋਕਾਂ ਦੇ ਹਰ ਘਰ ਤੱਕ ਪਹੁੰਚਾ ਰਹੇ ਹਾਂ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਲੋਕ ਭਲਾਈ ਸਕੀਮਾਂ ਸਾਡੀ ਪਾਰਟੀ ਦਾ ਹਰ ਵਰਕਰ ਲੋਕਾਂ ਦੇ ਘਰ ਘਲ ਤੱਕ ਪਹੁੰਚਾਉਣ ਦੀ ਕੋਸਿਸ ਕਰੇਗਾ ।ਗਰੀਬ ਲੋਕਾਂ ਲਈ ਮੁਫਤ ਰਾਸਣ ਜੋ ਕੇਂਦਰ ਸਰਕਾਰ ਵੱਲੋਂ ਭੇਜਿਆ ਜਿ ਰਿਹਾ ਹੈ ।ਪਰ ਸਹੀ ਢੰਗ ਨਾਲ ਲਾਭਪਾਤਰੀਆਂ ਤੱਕ ਨਹੀਂ ਪਹੁੰਚਦਾ। ਅਸੀਂ ਲੋਕਾਂ ਨੂੰ ਇਸ ਸਬੰਧੀ ਵੀ ਜਾਣੂ ਕਰਵਾ ਰਹੇ ਹਾਂ ।ਮੋਦੀ ਸਰਕਾਰ ਦੀਆਂ ਹੋਰ ਬਹੁਤ ਸਾਰੀਆਂ ਲੋਕ ਭਲਾਈ ਸਕੀਮਾਂ ਜੋ ਲੋਕਾਂ ਨੂੰ ਨਹੀਂ ਪਤਾ ਅਸੀਂ ਜਾਣੂ ਕਰਵਾ ਰਹੇ ਹਾਂ ਤਾਂ ਕਿ ਲੋਕ ਆਪਣਾ ਸਵੈ ਰੁਜਗਾਰ ਸੁਰੂ ਕਰਨ ਲਈ ਜੋ ਬੈਂਕਾਂ ਰਾਹੀਂ ਚਲਾਈਆ ਜਾ ਰਹੀਆਂ ਲੋਨ ਸਕੀਮਾਂ ਜੋ ਗਰੀਬ ਅਤੇ ਲੋੜਵੰਦ ਲੋਕਾਂ ਤੱਕ ਨਹੀਂ ਪਹੁੰਚ ਰਹੀਆਂ ਅਸੀਂ ਲੋਕਾਂ ਤੱਕ ਪਹੁੰਚਾਵਾਂਗੇ ਤਾਂ ਕਿ ਲੋਕ ਗਰੀਬੀ ਹੇਠੋਂ ਨਿਕਲ ਕੇ ਸਵੈ ਰੁਜਗਾਰ ਕਰਕੇ ਆਪਣੇ ਆਪ ਤੇ ਨਿਰਭਰ ਹੋ ਸਕਣ ਤੇ ਸ੍ਰੀ ਨਰਿੰਦਰ ਮੋਦੀ ਜੀ ਦੀ ਸੋਚ ਅਨੁਸਾਰ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਣ।

### ਅਕਾਲ ਯੂਨੀਵਰਸਿਟੀ ਵਿਚ ਐੱਨਸੀਸੀ ਦੀ ਪ੍ਰਵੇਸ਼ ਪ੍ਰੀਖਿਆ ਦਾ ਆਯੋਜਨ

ਤਲਵੰਡੀ ਸਾਬੋ, 09 ਅਗਸਤ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਵਿਚ ਐੱਨ ਸੀ ਸੀ ਵਿਭਾਗ ਦੇ ਦੋ ਵਿੰਗ ਆਰਮੀ ਤੇ ਨੇਵੀ ਸੁਚਾਰੂ ਢੰਗ ਨਾਲ ਚਲਾਏ ਜਾ ਰਹੇ ਹਨ। ਵਰਤਮਾਨ ਨਵੇਂ ਸੈਸ਼ਨ ਵਿਚ ਦਾਖਲ ਨਵੇਂ ਵਿਦਿਆਰਥੀਆਂ ਲਈ ਐੱਨ ਸੀ ਸੀ ਵਿਭਾਗ ਵੱਲੋਂ ਪ੍ਰਵੇਸ਼ ਪ੍ਰੀਖਿਆ ਦਾ ਆਯੋਜਨ ਯੂਨੀਵਰਸਿਟੀ



ਡੀਨ ਅਕਾਦਮਿਕ ਮੇਜਰ ਜਨਰਲ ਡਾ. ਜੀ ਐੱਸ ਲਾਂਬਾ ਦੀ ਅਗਵਾਈ ਅਧੀਨ ਕੀਤਾ ਗਿਆ। ਇਹ ਚੋਣ ਪ੍ਰਕਿਰਿਆ ਦੋ ਚਰਣਾਂ ਵਿਚ ਮੁਕੰਮਲ ਕੀਤੀ ਗਈ। ਪਹਿਲੇ ਚਰਨ ਵਿਚ 7 ਅਗਸਤ 2024 ਨੂੰ ਐਨ ਸੀ ਸੀ ਲੈਣ ਦੇ ਚਾਹਵਾਨ ਵਿਦਿਆਰਥੀਆਂ ਦਾ ਨਿਸ਼ਿਚਤ ਕੀਤੇ ਗਏ ਵਿਸ਼ਿਆਂ ਵਿਚੋਂ ਇਕ ਜਨਰਲ ਬਹੁਵਿਕਲਪੀ ਸਵਾਲਾਂ ਵਾਲਾ ਟੈਸਟ ਹੋਇਆ, ਜਿਸ ਵਿਚ ਲਗਭਗ 200 ਵਿਦਿਆਰਥੀ ਰਜਿਟਰ ਹੋਏ ਸਨ। ਦੂਜੇ ਚਰਣ ਵਿਚ ਸੋਰਟ ਲਿਸਟ ਹੋਏ ਵਿਦਿਆਰਥੀਆਂ ਦੀ ਵਿਵਹਾਰਕ ਪ੍ਰੀਖਿਆ 9 ਅਗਸਤ 2024 ਨੂੰ ਐੱਨ ਸੀ ਸੀ ਦਫ਼ਤਰ ਬਠਿੰਡਾ ਤੋਂ ਆਈਆਂ ਆਰਮੀ ਤੇ ਨੇਵੀ ਵਿੰਗ ਦੀਆਂ ਟੀਮਾਂ ਦੁਆਰਾ ਲਈ ਗਈ। ਬਠਿੰਡਾ ਤੋਂ ਪ੍ਰੀਖਿਆ ਲੈਣ ਲਈ ਆਰਮੀ ਵਿੰਗ ਟੀਮ ਵੱਲੋਂ ਤਿੰਨ ਮੈਂਬਰ ਅਤੇ 3 ਪੰਜਾਬ ਨੇਵਲ ਯੂਨਿਟ ਬਠਿੰਡਾ ਤੋਂ ਆਰ ਐੱਸ ਕੁੰਦੂ, ਪੀ ਓ ਤੇ ਪੀ ਐੱਨ ਸਾਹਾ ਵਿਸ਼ੇਸ਼ ਤੌਰ ਉੱਤੇ ਪਹੁੰਚੇ। ਪ੍ਰੀਖਿਆ ਦੌਰਾਨ ਡੀਨ ਅਕਾਦਮਿਕ ਮੇਜਰ ਜਨਰਲ ਡਾ. ਜੀ ਐੱਸ ਲਾਂਬਾ ਦੀ ਅਗਵਾਈ ਹੇਠ ਨੇਵੀ ਵਿੰਗ ਦੇ ਸੀ ਟੀ ਓ ਡਾ. ਹਰਜਿੰਦਰ ਸਿੰਘ ਅਤੇ ਆਰਮੀ ਵਿੰਗ ਦੇ ਸੀ ਟੀ ਓ ਮੈਡਮ ਬਿੰਦਰਪਾਲ ਕੌਰ ਨੇ ਪ੍ਰਵੇਸ਼ ਪ੍ਰਕਿਰਿਆ ਦੀਆਂ ਗਤੀਵਿਧੀਆਂ ਸੁਚਾਰੂ ਢੰਗ ਨਾਲ ਚਲਾਉਣ ਵਿਚ ਸਹਿਯੋਗ ਦਿੱਤਾ। ਇਸ ਮੌਕੇ ਵਿਦਿਆਰਥੀਆਂ ਵਿਚ ਭਾਰੀ ਉਤਸ਼ਾਹ ਰਿਹਾ।

# ਮਨੀਸ਼ ਸਿਸੋਦੀਆ ਨੂੰ ਮਿਲੀ ਜਮਾਨਤ, ਸਚਾਈ ਅਤੇ ਨਿਆਂ ਦੀ ਜਿੱਤ ਹੈ- ਨੀਲ ਗਰਗ


**ਬਠਿੰਡਾ, 9 ਅਗਸਤ (ਗੁਰਜੰਟ ਸਿੰਘ ਨਥੇਹਾ)**- ਅੱਜ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਬੁਲਾਰੇ ਨੀਲ ਗਰਗ ਨੇ ਦਿੱਲੀ ਦੇ ਸਾਬਕਾ ਡਿਪਟੀ ਸੀਐਮ ਮਨੀਸ਼ ਸਿਸੋਦੀਆ ਨੂੰ ਮਿਲੀ ਜ਼ਮਾਨਤ ਲਈ ਸੁਪਰੀਮ ਕੋਰਟ ਦਾ ਧੰਨਵਾਦ ਅਤੇ ਫ਼ੈਸਲੇ ਦਾ ਸਨਮਾਨ ਕਰਦੇ ਹੋਏ ਇਸਨੂੰ ਸਚਾਈ ਅਤੇ ਨਿਆਂ ਦੀ ਜਿੱਤ ਕਰਾਰ ਦਿੱਤਾ। ਇਹ ਕੇਸ ਸਿਰਫ ਸਿਆਸੀ ਬਦਲੇ ਦੀ ਕਾਰਵਾਈ ਹੈ। ਜਿਸਦਾ ਮਕਸਦ ਸਿਰਫ ਪਾਰਟੀ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣਾ ਸੀ ।ਨੀਲ ਗਰਗ ਨੇ ਸਪੱਸ਼ਟ ਕੀਤਾ ਕਿ ਮਨੀਸ਼ ਸਿਸੋਦੀਆ, ਸਤਿੰਦਰ ਜੈਨ, ਸੰਜੈ ਸਿੰਘ ਅਤੇ ਅਰਵਿੰਦ ਕੇਜਰੀਵਾਲ ਵਰਗੇ ਆਗੂਆਂ ਦੇ ਖ਼ਿਲਾਫ਼ ਕਿਸੇ ਵੀ ਕਿਸਮ ਦੀ ਬਦਇਨਸਾਫੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਕੋਈ ਘੁਟਾਲਾ ਹੋਇਆ ਹੁੰਦਾ, ਤਾਂ ਕੁਝ ਨਾ ਕੁਝ ਬਰਾਮਦ ਹੋਇਆ ਹੁੰਦਾ। ਪਰ ਸਿਰਮੌਰ ਜਾਂਚ ਏਜੰਸੀਆਂ ਈਡੀ ਅਤੇ ਸੀਬੀਆਈ ਵਲੋਂ ਢਾਈ ਸਾਲਾਂ ਵਿੱਚ ਵੀ ਕੋਈ ਰਕਮ ਬਰਾਮਦ ਨਾ ਹੋਣ ਤੋਂ ਬਾਅਧ ਇਹ ਜਰੂਰ ਸਪੱਸ਼ਟ ਹੋ ਗਿਆ ਹੈ ਕਿ ਇਹ ਕੇਸ ਸਿਰਫ਼ ਸਿਆਸੀ ਫਾਇਦੇ ਲਈ ਬਣਾਇਆ ਗਿਆ ਸੀ। ਨੀਲ ਗਰਗ ਨੇ ਕਿਹਾ ਕਿ "ਸੱਚ ਨੂੰ ਪਰੇਸ਼ਾਨ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ। ਜਦੋਂ ਤੁਸੀਂ ਸੱਚ ਦੇ ਰਾਹ 'ਤੇ ਚਲਦੇ ਹੋ ਤਾਂ ਇਹ ਮੁਸ਼ਕਲਾਂ ਸਹਿਣੀਆਂ ਪੈਂਦੀਆਂ ਹਨ, ਪਰ ਆਮ ਆਦਮੀ ਪਾਰਟੀ ਹਮੇਸ਼ਾ ਇਨ੍ਹਾਂ ਮੁਸ਼ਕਲਾਂ ਦਾ ਸਵਾਗਤ ਕਰਦੀ ਹੈ ਅਤੇ ਡੱਟ ਕੇ ਹੱਕ ਸੱਚ ਦੀ ਲੜਾਈ ਲੜਦੀ ਹੈ।" ਇਸ ਫੈਸਲੇ ਤੋਂ ਬਾਅਦ ਪਾਰਟੀ ਦੀ ਇਕਜੁਟਤਾ ਹੋਰ ਵੀ ਮਜ਼ਬੂਤ ਹੋਈ ਹੈ ਅਤੇ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਭ੍ਰਿਸ਼ਟਾਚਾਰ ਅਤੇ ਨਫ਼ਰਤ ਦੀ ਰਾਜਨੀਤੀ ਨੂੰ ਅਗਲੇ ਪੱਧਰ 'ਤੇ ਲੈ ਜਾ ਕੇ ਬੇਨਕਾਬ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਬੁਲਾਰੇ ਨੀਲ ਗਰਗ ਨੇ ਮਨੀਸ਼ ਸਿਸੋਦੀਆ ਦੀ ਜ਼ਮਾਨਤ ਨੂੰ ਪਾਰਟੀ ਲਈ ਖ਼ੁਸ਼ੀ ਦਾ ਮੌਕਾ ਕਹਿੰਦੇ ਹੋਏ ਉਮੀਦ ਜ਼ਾਹਰ ਕੀਤੀ ਕਿ ਸਾਡੇ ਸਪਰੀਮੋ ਅਰਵਿੰਦ ਕੇਜਰੀਵਾਲ ਵੀ ਜਲਦ ਹੀ ਬਾਹਰ ਆਉਣਗੇ।



## ਸਿਖ ਭਾਈਚਾਰੇ ਨਾਲ ਸੰਬੰਧੀ ਆਸਟ੍ਰੇਲੀਆ ਮੀਡੀਆ ਦੀ ਡਾਕੂਮੈਂਟਰੀ ਸਰਕਾਰ ਨੇ ਭਾਰਤ ਵਿਚ ਕੀਤੀ ਬਲਾਕ

# ਡਾਕੂਮੈਂਟਰੀ ਭਾਰਤੀ ਖੁਫੀਆ ਏਜੰਸੀਆਂ ਦੁਆਰਾ ਆਸਟ੍ਰੇਲੀਆ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਸੰਬੰਧੀ

**ਨਵੀਂ ਦਿੱਲੀ 9 ਅਗਸਤ (ਮਨਪ੍ਰੀਤ ਸਿੰਘ ਖਾਲਸਾ):-** ਯੂਟਿਊਬ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ 'ਤੇ ਆਸਟ੍ਰੇਲੀਆਈ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ.) ਦੀ ਡਾਕੂਮੈਂਟਰੀ ਨੂੰ ਭਾਰਤ ਵਿਚ ਬਲਾਕ ਕਰ ਦਿੱਤਾ ਹੈ। ਇਹ ਡਾਕੂਮੈਂਟਰੀ ਭਾਰਤੀ ਖੁਫੀਆ ਏਜੰਸੀਆਂ ਦੁਆਰਾ ਆਸਟ੍ਰੇਲੀਆ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਹੈ। 'ਇਨਫਿਲਟਰੇਟਿੰਗ ਆਸਟਰੇਲੀਆ - ਇੰਡੀਆਜ਼ ਸੀਕਰੇਟ ਵਾਰ ਨਾਮ ਦੀ ਇਹ ਡਾਕੂਮੈਂਟਰੀ ਏਬੀਸੀ ਟੀਵੀ ਦੇ ਸ਼ੋਅ 'ਫੋਰ ਕਾਰਨਰਜ਼' ਦਾ ਹਿੱਸਾ ਹੈ।ਮੀਡੀਆ ਵਿਚ ਜਾਰੀ ਹੋਈ ਖ਼ਬਰ ਮੁਤਾਬਿਕ ਇਸ ਡਾਕੂਮੈਂਟਰੀ ਵਿਚ ਮੋਦੀ ਸਰਕਾਰ ਦੇ ਨਿਸ਼ਾਨੇ 'ਤੇ ਜ਼ਿਆਦਾਤਰ ਸਿੱਖ ਭਾਈਚਾਰੇ ਦੇ ਉਹ ਲੋਕ ਹਨ ਜੋ ਵੱਖਵਾਦੀ ਖਾਲਿਸਤਾਨੀ ਲਹਿਰ ਲਈ ਕੰਮ ਕਰ ਰਹੇ ਹਨ ਅਤੇ ਮੋਦੀ ਸਰਕਾਰ ਦੀ ਆਲੋਚਨਾ ਕਰ ਰਹੇ ਹਨ। ਇਹ ਦਸਤਾਵੇਜ਼ੀ ਫਿਲਮ 17 ਜੂਨ ਨੂੰ ਯੂਟਿਊਬ 'ਤੇ ਅਪਲੋਡ ਕੀਤੀ ਗਈ ਸੀ। ਉਦੋਂ ਤੋਂ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ 'ਤੇ ਯੂ-ਟਿਊਬ ਨੇ ਇਸ ਡਾਕੂਮੈਂਟਰੀ ਨੂੰ ਲੈ ਕੇ ਏਬੀਸੀ ਨਿਊਜ਼ ਨੂੰ ਨੋਟਿਸ ਭੇਜਿਆ ਸੀ। ਭਾਰਤ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤੋਂ ਮਿਲੇ ਇੱਕ ਗੁਪਤ ਆਦੇਸ਼ ਦਾ ਜ਼ਿਕਰ ਸੀ। ਯੂਟਿਊਬ ਨੂੰ ਇਹ ਹੁਕਮ ਆਈਟੀ ਐਕਟ ਤਹਿਤ ਦਿੱਤੇ ਗਏ ਹਨ। ਏਬੀਸੀ ਟੀਵੀ ਚੈਨਲ ਨੇ ਯੂ ਟਿਊਬ ਦੁਆਰਾ ਦਿੱਤੇ ਵਿਕਲਪਾਂ ਨੂੰ ਨਹੀਂ ਮੰਨਿਆ। ਦਸਤਾਵੇਜ਼ੀ ਨੂੰ ਫਿਰ 27 ਜੁਲਾਈ ਨੂੰ ਆਸਟ੍ਰੇਲੀਆਈ




ਸਮੇਂ ਅਨੁਸਾਰ 11.59 ਵਜੇ ਬਲੌਕ ਕੀਤਾ ਗਿਆ ਸੀ।ਏਬੀਸੀ ਦੇ ਨਿਰਦੇਸ਼ਕ ਸਟੀਵਨਜ਼ ਨੇ ਕਿਹਾ ਕਿ ਇਸ ਸਾਲ ਇਹ ਦੂਜੀ ਵਾਰ ਹੈ ਜਦੋਂ ਭਾਰਤ ਨੇ ਯੂਟਿਊਬ ਤੋਂ ਏਬੀਸੀ ਦੀ ਜਨਤਕ ਹਿੱਤ ਪੱਤਰਕਾਰੀ ਨੂੰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਪਿਛਲੀ ਵਾਰ ਇਹ ਹੁਕਮ ਇੱਕ ਵਿਦੇਸ਼ੀ ਪੱਤਰਕਾਰ ਦੀ ਰਿਪੋਰਟ ਦੇ ਸਬੰਧ ਵਿੱਚ ਜਾਰੀ ਕੀਤਾ ਗਿਆ ਸੀ। ਪਰ ਇਹ ਸਾਨੂੰ ਜਨਹਿਤ ਵਿੱਚ ਕਿਸੇ ਵੀ ਅਤੇ ਸਾਰੇ ਮੁੱਦਿਆਂ ਦੀ ਰਿਪੋਰਟ ਕਰਨ ਤੋਂ ਨਹੀਂ ਰੋਕ ਸਕਦਾ ।ਇਹ ਜਾਣਿਆ ਜਾਂਦਾ ਹੈ ਕਿ ਯੂਟਿਊਬ ਨੇ ਇਸੇ ਤਰ੍ਹਾਂ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ 'ਤੇ ਬਣੀ ਇੱਕ ਦਸਤਾਵੇਜ਼ੀ ਐਪੀਸੋਡ ਨੂੰ ਬਲੌਕ ਕੀਤਾ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਇਸ ਕਾਂਡ ਪਿਛੇ ਮੋਦੀ ਸਰਕਾਰ ਦੀ ਕਥਿਤ ਭੂਮਿਕਾ ਸੀ। ਪ੍ਰਵਾਸੀ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਕਸ਼ਮੀਰ ਦੀ ਕਹਾਣੀ ਪੂਰੇ ਭਾਰਤ ਵਿਚ ਦੁਹਰਾਉਣਾ ਚਾਹੁੰਦੀ ਹੈ।ਡਿਜੀਟਲ ਮੀਡੀਆ ਦੇ ਨਿਯਮਾਂ ਵਿਚ ਕੀਤੀਆਂ ਗਈਆਂ ਸੋਧਾਂ ਨੇ ਸਰਕਾਰ ਨੂੰ ਗਲਤ ਨੂੰ ਸਹੀ ਠਹਿਰਾਉਣ ਵਿਚ ਜ਼ਿਆਦਾ ਤਾਕਤਵਰ ਬਣਾ ਦਿੱਤਾ ਹੈ। ਇਸੇ ਕਰਕੇ ਹੀ ਬੀਬੀਸੀ ਦੁਆਰਾ ਬਣਾਈ ਗਈ ਡਾਕੂਮੈਂਟਰੀ ਉੱਪਰ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ। ਇਸ ਤੋਂ ਬਾਅਦ ਭਾਰਤ ਵਿਚ ਬੀਬੀਸੀ ਦੇ ਅਦਾਰਿਆਂ ਉੱਪਰ ਸਰਕਾਰੀ ਏਜੰਸੀਆਂ ਦੁਆਰਾ ਛਾਪੇ ਵੀ ਮਾਰੇ ਗਏ ਸਨ। ਹੁਣ ਆਸਟ੍ਰੇਲੀਆ ਦਾ ਮੀਡੀਆ ਨਿਸ਼ਾਨੇ ਉਪਰ ਹੈ।ਘਟਗਿਣਤੀਆਂ ਵਿਚੋਂ ਮੁਸਲਮਾਨਾਂ ਬਾਅਦ ਸਿਖ ਨਿਸ਼ਾਨੇ ਉਪਰ ਹਨ।ਇਸ ਤਰਾਂ ਦੀ ਸਥਿਤੀ ਦਿਖਾਉਂਦੀ ਹੈ ਕਿ ਭਾਰਤ ਵਿਚ ਮਹਿਜ਼ ਪ੍ਰੈਸ ਦੀ ਅਜ਼ਾਦੀ ਹੀ ਨਹੀਂ ਬਲਕਿ ਲੋਕਤੰਤਰ ਵੀ ਖਤਰੇ ਵਿਚ ਹੈ । ••

## ਬਾਬਾ ਸਤਨਾਮ ਸਿੰਘ ਵੱਲੀਆਂ ਅਤੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਆਗੂਆਂ ਨੇ

# ਜਥੇਦਾਰ ਦਲੀਪ ਸਿੰਘ ਚਕਰ ਦਾ ਹਾਲ-ਚਾਲ ਪੁੱਛਿਆ



**ਫਿਰੋਜ਼ਪੁਰ, 9 ਅਗਸਤ (ਆਵਾਜ਼ਿ ਕੌਮ ਬਿਊਰੋ)-** ਪਿਛਲੇ ਦਿਨੀਂ ਇੰਟਰਨੈਸ਼ਨਲ ਪੰਥਕ ਦਲ ਦੇ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ ਜਿਨ੍ਹਾਂ ਨੂੰ ਹਾਰਟ ਅਟੈਕ ਦੀ ਸ਼ਿਕਾਇਤ ਆਉਣ ਤੇ ਉਨ੍ਹਾਂ ਨੂੰ ਲੁਧਿਆਣਾ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਹਸਪਤਾਲ ਦੇ ਡਾਕਟਰਾਂ ਨੇ ਜਥੇਦਾਰ ਦਲੀਪ ਸਿੰਘ ਜੀ ਦਾ ਚੈੱਕ ਅੱਪ ਕਰਦਿਆਂ ਇਲਾਜ ਸ਼ੁਰੂ ਕੀਤਾ ਗਿਆ। ਜਿਸ ਦੌਰਾਨ ਜਥੇਦਾਰ ਦਲੀਪ ਸਿੰਘ ਦੇ ਸਟੰਟ ਪਾ ਕੇ ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਅੱਜ ਉਚੇਚੇ ਤੌਰ ਤੇ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆਂ, ਸੀਨੀਅਰ ਮੀਤ ਪ੍ਰਧਾਨ ਪੰਜਾਬ ਭਾਈ ਜੋਗਿੰਦਰ ਸਿੰਘ, ਭਾਈ ਪਿੱਪਲ ਸਿੰਘ ਸਦਰਦੀਨ ਵਾਲਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਭਾਈ ਬਲਵਿੰਦਰ ਸਿੰਘ ਬਲਾਕ ਪ੍ਰਧਾਨ ਮਮਦੋਟ, ਭਾਈ ਪੂਰਨ ਸਿੰਘ ਇਕਾਈ ਪ੍ਰਧਾਨ ਸਦਰਦੀਨ ਵਾਲਾ ਅਤੇ ਭਾਈ ਸੁਖਵਿੰਦਰ ਸਿੰਘ ਬਧਨੀ ਕਲਾਂ ਜਥੇਦਾਰ ਦਲੀਪ ਸਿੰਘ ਚਕਰ ਦਾ ਹਾਲ ਚਾਲ ਪੁੱਛਣ ਲਈ ਉਨ੍ਹਾਂ ਦੇ ਗ੍ਰਹਿ ਪਿੰਡ ਚਕਰ ਵਿਖੇ ਪਹੁੰਚ ਕੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ ਅਤੇ ਲੰਮਾ ਸਮਾਂ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਪੰਥਕ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਦੀ ਤੰਦਰੁਸਤੀ ਲਈ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕੀਤੀ।

## ਇਤਿਹਾਸਕ ਕਸਬਾ ਹਠੂਰ ਵਿੱਚ ਹੋਈ ਬੀ. ਜੇ. ਪੀ ਆਗੂਆਂ ਅਤੇ ਵਰਕਰਾਂ ਦੀ ਹੋਈ ਮੀਟਿੰਗ

# ਸਰਪੰਚੀ, ਬਲਾਕ ਸੰਮਤੀ, ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਵੀ ਉਤਾਰਾਂਗੇ ਉਮੀਦਵਾਰ : ਜ਼ਿਲ੍ਹਾ ਪ੍ਰਧਾਨ



**ਜਗਰਾਉਂ, (ਵਰਿਆਮ ਹਠੂਰ)-** ਇਤਿਹਾਸਕ ਕਸਬਾ ਹਠੂਰ ਵਿਖੇ ਬੀ. ਜੇ. ਪੀ ਦੇ ਜ਼ਿਲ੍ਹਾ ਪੱਧਰੀ ਆਗੂਆਂ ਅਤੇ ਵਰਕਰਾਂ ਦੀ ਇੱਕ ਖ਼ਾਸ ਮੀਟਿੰਗ ਬੀ. ਜੇ. ਪੀ ਆਗੂ ਚੌਧਰੀ ਬੂੜਾ ਸਿੰਘ ਗਿੱਲ ਦੇ ਗ੍ਰਹਿ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਜ਼ਿਲ੍ਹਾ ਪੱਧਰੀ ਆਗੂਆਂ ਅਤੇ ਵਰਕਰਾਂ ਨੇ ਭਾਗ ਲਿਆ, ਮੀਟਿੰਗ ਵਿੱਚ ਵੱਖ ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ ਗਈ, ਇਸ ਮੌਕੇ ਗੱਲਬਾਤ ਕਰਦਿਆਂ ਬੀ ਜੇ ਪੀ ਦੇ ਜ਼ਿਲ੍ਹਾ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਬੀ ਜੇ ਪੀ ਸ਼ਹਿਰਾਂ ਅਤੇ ਪਿੰਡਾਂ ਵਿੱਚ ਲੋਹੇ ਦੀ ਲੱਠ ਵਾਂਗ ਮਜ਼ਬੂਤ ਹੋ ਰਹੀ ਹੈ। ਤੇ ਜਲਦੀ ਹੀ ਪਿੰਡਾਂ ਵਿੱਚ ਹੋਰ ਨਵੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ, ਜ਼ਿਲ੍ਹਾ ਪ੍ਰਧਾਨ ਧਾਲੀਵਾਲ ਨੇ ਅੱਗੇ ਕਿਹਾ ਕਿ ਸਰਪੰਚੀ, ਬਲਾਕ ਸੰਮਤੀ, ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਲਈ ਭਾਜਪਾ ਵੱਲੋਂ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਜਾਣਗੇ, ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਗਤੀਵਿਧੀਆਂ ਤੇਜ਼ ਕਰਾਂਗੇ, ਉਨ੍ਹਾਂ ਕਿਹਾ ਕਿ ਸਾਰੇ ਅਹੁਦੇਦਾਰ ਅਤੇ ਵਰਕਰ 15 ਅਗਸਤ ਅਜ਼ਾਦੀ ਦਿਵਸ ਦੇ ਸਬੰਧ ਵਿੱਚ ਪੈਦਲ ਤਰੰਗਾ ਯਾਤਰਾ ਕੱਢਣ ਅਤੇ ਘਰ ਘਰ ਤਿਰੰਗਾ ਝੰਡਾ ਲਹਿਰਾਉਣ, ਇਸ ਮੌਕੇ ਗੱਲਬਾਤ ਕਰਦਿਆਂ ਬੀ ਜੇ ਪੀ ਦੇ ਮੰਡਲ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਅਤੇ ਸਾਬਕਾ ਜਨਰਲ ਸਕੱਤਰ ਗੁਰਜੰਟ ਸਿੰਘ ਹਠੂਰ ਨੇ ਕਿਹਾ ਕਿ ਭਾਜਪਾ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਬੀ ਜੇ ਪੀ ਦੀਆਂ ਨੀਤੀਆਂ ਅਤੇ ਸਕੀਮਾਂ ਬਾਰੇ ਲੋਕਾਂ ਨੂੰ ਜਾਣੂੰ ਕਰਵਾਇਆ ਜਾਵੇਗਾ, ਅਤੇ ਲੋਕਾਂ ਨਾਲ ਮਿਲਣੀ ਕਰਕੇ ਨਵੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ, ਤੇ 15 ਅਗਸਤ ਅਜ਼ਾਦੀ ਦਿਵਸ ਦੇ ਸਬੰਧ ਵਿੱਚ ਕਸਬਾ ਹਠੂਰ ਵਿੱਚ ਪੈਦਲ ਤਿਰੰਗਾ ਯਾਤਰਾ ਵੀ ਕੱਢਾਂਗੇ, ਅਤੇ ਦੇਸ਼ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨ ਵਾਲੇ ਸੂਰਬੀਰ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ, ਅਤੇ ਘਰਾਂ ਉੱਪਰ ਤਿਰੰਗੇ ਝੰਡੇ ਲਹਿਰਾਂਵਗੇ, ਅੰਤ ਵਿੱਚ ਮੰਡਲ ਹਠੂਰ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਅਤੇ ਸਾਬਕਾ ਜਨਰਲ ਸਕੱਤਰ ਗੁਰਜੰਟ ਸਿੰਘ ਹਠੂਰ ਨੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਦਾ ਮੀਟਿੰਗ ਵਿੱਚ ਹਿੱਸਾ ਲੈਣ ਲਈ ਧੰਨਵਾਦ ਕੀਤਾ, ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ, ਡਾ ਰਜਿੰਦਰ ਸ਼ਰਮਾ ਜ਼ਿਲ੍ਹਾ ਜਨਰਲ ਸਕੱਤਰ, ਮੰਡਲ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ, ਚੌਧਰੀ ਬੂੜਾ ਸਿੰਘ ਗਿੱਲ ਬੀ ਜੇ ਪੀ ਆਗੂ, ਗੁਰਸਿਮਰਨ ਸਿੰਘ ਗਿੱਲ ਰਸੂਲਪੁਰ, ਪ੍ਰਧਾਨ ਹਰਬੰਸ ਸਿੰਘ ਲੀਲਾਂ ਮੇਘ ਸਿੰਘ, ਗੁਰਜੰਟ ਸਿੰਘ ਸਾਬਕਾ ਜਨਰਲ ਸਕੱਤਰ ਮੰਡਲ ਹਠੂਰ, ਹਰਪਾਲ ਸਿੰਘ ਪਾਲਾ ਜਨਰਲ ਸਕੱਤਰ ਮੰਡਲ ਹਠੂਰ, ਰਣਜੋਧ ਸਿੰਘ ਸਾਬਕਾ ਮੰਡਲ ਪ੍ਰਧਾਨ ਹਠੂਰ, ਚੌਧਰੀ ਹਰਬੰਸ ਸਿੰਘ ਹਠੂਰ, ਰਾਜਾ ਸਿੰਘ ਪ੍ਰਧਾਨ ਐੱਫ ਸੀ ਆਈ ਯੂਨੀਅਨ, ਕਲਵੰਤ ਸਿੰਘ ਹਠੂਰ, ਜਸਵੀਰ ਸਿੰਘ ਹਠੂਰ, ਹਰਦੀਪ ਸਿੰਘ ਹਠੂਰ, ਸੇਵਕ ਸਿੰਘ ਚਕਰ, ਸਤਨਾਮ ਸਿੰਘ ਛੀਨੀਵਾਲ, ਸੋਨੀ ਛੀਨੀਵਾਲ, ਬੂਟਾ ਸਿੰਘ ਮਹਿਲ ਕਲਾਂ ਆਦਿ ਹਾਜ਼ਰ ਸਨ।




## ਮੰਤਰੀ ਈ.ਟੀ.ਓ. ਨੇ ਮਾਰਕੀਟ ਕਮੇਟੀ ਮਹਿਤਾ ਦੀ ਬਿਲਡਿੰਗ ਦਾ ਕੀਤਾ ਉਦਘਾਟਨ




**ਚੌਕ ਮਹਿਤਾ, 9 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)-** ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਅੱਜ ਮਾਰਕੀਟ ਕਮੇਟੀ ਮਹਿਤਾ ਦੀ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਮਾਰਕੀਟ ਕਮੇਟੀ ਦੇ ਚੇਅਰਮੈਨ ਡਾ. ਗੁਰਵਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ। ਜਿਕਰਯੋਗ ਹੈ ਕਿ ਇਸ ਬਿਲਡਿੰਗ ਦੇ ਮੁੜ ਨਿਰਮਾਣ ਲਈ ਮੰਤਰੀ ਈ. ਟੀ. ਓ. ਦੇ ਵੱਲੋਂ ਸਾਲ 2023 ਦੇ ਜੁਲਾਈ ਮਹੀਨੇ ਵਿਚ ਨੀਂਹ ਪੱਥਰ ਰੱਖਿਆ ਗਿਆ ਸੀ। ਜਿਸ ਦੀ ਮੁਕੰਮਲ ਤਿਆਰੀ ਹੋਣ ਦੇ ਬਾਅਦ ਅੱਜ ਇਸ ਬਿਲਡਿੰਗ ਦਾ ਸ਼ੁੱਭ ਆਰੰਭ ਕਰ ਦਿੱਤਾ ਗਿਆ। ਇਸ ਦੌਰਾਨ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਕਿਹਾ ਕਿ ਪੁਰਾਣੀ ਬਿਲਡਿੰਗ ਦੀ ਹਾਲਤ ਪਿਛਲੇ ਕਈ ਦਹਾਕਿਆਂ ਤੋਂ ਖੰਡਰਨੁਮਾ ਬਣੀ ਹੋਈ ਸੀ। ਪਿਛਲੇ ਸਮੇਂ ਵਿਚ ਕਈ ਸਰਕਾਰਾਂ ਆਈਆਂ ਪਰ ਕਿਸੇ ਵੀ ਸਰਕਾਰ ਨੇ ਇਸ ਬਿਲਡਿੰਗ ਵੱਲ ਧਿਆਨ ਨਹੀਂ ਦਿੱਤਾ। ਮੰਤਰੀ ਈ. ਟੀ. ਓ. ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਸੂਬੇ ਦੇ ਵਿਕਾਸ ਨੂੰ ਲੈ ਕੇ ਪੂਰੀ ਤਰਾਂ ਨਾਲ ਸੰਜੀਦਾ ਹੈ, ਸਰਕਾਰ ਨੇ ਆਪਣੇ ਛੋਟੇ ਜਿਹੇ ਕਾਰਜਕਲ ਦੌਰਾਨ ਬੇਮਿਸਾਲ ਕੰਮ ਕਰ ਕੇ ਵਿਖਾਏ ਹਨ, ਜੋ ਪੁਰਾਣੀਆਂ ਸਿਆਸੀ ਪਾਰਟੀਆਂ 70 ਵਰ੍ਹਿਆਂ ਵਿਚ ਨਹੀਂ ਕਰ ਸਕੀਆਂ। ਇਸ ਮੌਕੇ ਬੀ.ਡੀ.ਪੀ.ਓ. ਕੁਲਵੰਤ ਸਿੰਘ, ਐੱਸ.ਡੀ.ਓ. ਰਵਿੰਦਰ ਸਿੰਘ, ਬਲਾਕ ਪ੍ਰਧਾਨ ਜਰਮਨ ਉਦੋਨੰਗਲ, ਬਲਾਕ ਪ੍ਰਧਾਨ ਗੁਰਜਿੰਦਰ ਸਿੰਘ ਘੁਹਾਟਵਿੰਡ, ਠੇਕੇਦਾਰ ਲਖਵਿੰਦਰ ਸਿੰਘ ਜਲਾਲ, ਸੁੱਖ ਰੰਧਾਵਾ, ਪ੍ਰਧਾਨ ਗੁਰਮੁੱਖ ਸਿੰਘ ਡੇਅਰੀਵਾਲ, ਪ੍ਰਧਾਨ ਦਵਿੰਦਰ ਸਿੰਘ ਮੱਲੀ, ਹਰਜੀਤ ਸਿੰਘ ਮਹਿਤੀਆ, ਕੰਵਲਜੀਤ ਸਿੰਘ ਕੇ. ਵੀ., ਪ੍ਰਧਾਨ ਸੁਖਦੇਵ ਸਿੰਘ ਬੁੱਟਰ, ਬਲਵਿੰਦਰ ਸਿੰਘ ਰਜਧਾਨ, ਮਨਜੋਤ ਸਿੰਘ ਮਹਿਤੀਆ, ਬਲਜੀਤ ਸਿੰਘ ਚਾਹਲ, ਕੇਵਲ ਕ੍ਰਿਸ਼ਨ, ਬਲਦੇਵ ਸਿੰਘ ਰਜਧਾਨ, ਬੂਟਾ ਸਿੰਘ ਜਲਾਲ, ਸਰਪੰਚ ਸੋਨੀ ਧਰਦਿਓ, ਜਸਕਰਨ ਸਿੰਘ ਚੀਨਾ, ਰਾਜਵਿੰਦਰ ਸਿੰਘ ਲਾਡੀ, ਪ੍ਰੇਮਪਾਲ ਸਿੰਘ ਪ੍ਰੇਮ, ਪ੍ਰਧਾਨ ਅਜੀਤ ਸਿੰਘ, ਰਾਣਾ ਸ਼ਾਹ ਧਰਦਿਓ, ਬਾਬਾ ਦਇਆ ਸਿੰਘ ਮਹਿਤਾ, ਪ੍ਰਗਟ ਸਿੰਘ ਫੌਜੀ, ਪਰਮਜੀਤ ਸੁੰਘ ਪੰਮਾ, ਰਣਦੀਪ ਬੁੱਟਰ, ਬਲਜੀਤ ਸਿੰਘ ਸੈਦੂਕੇ, ਸਰਪੰਚ ਰਕੇਸ਼ ਕੁਮਾਰ, ਪ੍ਰਗਟ ਸਿੰਘ ਬੱਲ, ਅਜੀਤ ਸਿੰਘ ਬੱਬੀ, ਦਵਿੰਦਰ ਸਿੰਘ ਨੰਗਲੀ, ਸੁਖਦੇਵ ਸਿੰਘ ਬੱਲ, ਪਟਵਾਰੀ ਬਲਵਿੰਦਰ ਸਿੰਘ ਖੱਬੇ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਰਕਰ ਹਾਜਰ ਸਨ।

## ਤਵਾਰੀਖ ਸ਼ਹੀਦ-ਏ-ਖਾਲਿਸਤਾਨ (ਭਾਗ ਤੀਜਾ)

# ਇਹ ਕਿਤਾਬ ਪੜ ਕੇ ਸਮਝ ਲੱਗੇਗਾ ਕਿ ਦੇਸ਼ ਖਾਲਿਸਤਾਨ ਦੀ ਮੰਗ ਕਿਉਂ ਉੱਠਦੀ ਹੈ ?



**ਤਵਾਰੀਖ ਸ਼ਹੀਦ-ਏ-ਖਾਲਿਸਤਾਨ** (ਭਾਗ ਤੀਜਾ) ਕਿਤਾਬ ਭਾਈ ਰਣਜੀਤ ਸਿੰਘ ਜੀ ਦਮਦਮੀ ਟਕਸਾਲ ਪ੍ਰਧਾਨ ਸਿੱਖ ਯੂਥ ਫਡਰੇਸ਼ਨ ਭਿੰਡਰਾਂਵਾਲਾ ਦੀ ਲਿਖੀ ਹੋਈ ਹੈ। ਜਾਂ ਇਹ ਕਹਿ ਲੋ ਕਿ ਲੇਖਕ ਨੇ ਸ਼ਹੀਦਾਂ ਦੀ ਖੋਜ ਕਰ ਇਸ ਕਿਤਾਬ ਨੂੰ ਉਨਾਂ ਸ਼ਹੀਦਾਂ ਦੀ ਸ਼ਹਾਦਤਾਂ ਨੂੰ ਸਮਰਪਿਤ ਕੀਤਾ ਹੈ। ਇਹ ਕਿਤਾਬ "ਤਵਾਰੀਖ ਸ਼ਹੀਦ-ਏ-ਖਾਲਿਸਤਾਨ" (ਭਾਗ ਤੀਜਾ) ਖਾਲਸਾ ਫਤਹਿਨਾਮਾ ਵੱਲੋਂ ਛਾਪੀ ਗਈ ਹੈ। ਕਿਤਾਬ ਦੇ ਕੁੱਲ 368 ਪੰਨੇ ਹਨ। ਕਿਤਾਬ ਦੇ ਨਾਮ ਅਤੇ ਜਿਲਦ ਵਿੱਚ ਹੀ ਸ਼ਹੀਦ ਸਿਘਾਂ ਦੀ ਕੁਰਬਾਨੀ ਦੀ ਰੂਹਾਨਿਅਤ ਝਲਕਦੀ ਹੈ। ਲੇਖਕ ਨੇ ਸ਼ੁਰੂਆਤ ਵਿੱਚ ਹੀ ਇਸ ਕਿਤਾਬ ਦੀ ਵਿਲੱਖਨਤਾ ਸਪੱਸ਼ਟ ਕਰ ਦਿੱਤੀ ਹੈ ਕਿ ਇਸ ਕਿਤਾਬ ਵਿੱਚ ਉਸਨੇ ਇਤਿਹਾਸ ਦੇ ਅਣਗੋਲੇ ਹੋਏ ਸ਼ਹੀਦ ਸਿੰਘਾਂ ਬਾਰੇ ਜਾਣਕਾਰੀ ਪਾਠਕਾਂ ਲਈ ਇੱਕਠੀ ਕੀਤੀ ਹੈ। ਲੇਖਕ ਨੂੰ ਜਿੰਨਾਂ ਜੁਝਾਰੂ ਸਿੰਘਾਂ ਅਤੇ ਸਿੱਖ ਆਗੂਆਂ ਦੀਆਂ ਅਸੀਸਾਂ ਮਿਲਦੀਆਂ ਹਨ ਉਨਾਂ ਦੇ ਨਾਮ ਵੀ ਦਰਜ ਕੀਤੇ ਗਏ ਹਨ। ਜਿਨਾਂ ਧਰਮ ਹੇਤ ਸੀਸ ਵਾਰੇ ਸਿਰਲੇਖ ਹੇਠ ਲੇਖਕ ਨੇ ਜੋ ਬਿਆਨ ਕੀਤਾ ਹੈ ਉਹ ਲੇਖਕ ਦੀ ਇਸ ਕਿਤਾਬ ਨੂੰ ਲੈ ਕੇ ਅਣਥੱਕ ਮਿਹਨਤ ਨੂੰ ਦਰਸਾਉਂਦਾ ਹੈ।ਅਸੀਂ ਜਿੱਤਦੇ ਹਾਂ ਜਾਂ ਸ਼ਹੀਦ ਹੁੰਦੇ ਹਾਂ ਲੇਖ ਵਿੱਚ ਖਾਲਿਸਤਾਨੀ ਚਿੰਤਕ ਅਤੇ ਪੰਥਕ ਲੇਖਕ ਸਰਬਜੀਤ ਸਿੰਘ ਘੁਮਾਣ ਦੇ ਲਫਜਾਂ ਨੇ ਲਾਜਵਾਬ ਕਰ ਦਿੱਤਾ, ਜਦੋਂ ਉਹ ਲਿਖਦੇ ਹਨ ਕਿ "ਕਦੋਂ ਹਰ ਸਿੱਖ ਖਾਲਿਸਤਾਨੀ ਬਣ ਕੇ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰੇਗਾ ?" ਪਹਿਲੇ ਦੋ ਲੇਖਾਂ ਵਿੱਚ ਹੀ ਪਾਠਕ ਪੂਰੇ ਕੌਮੀ ਜ਼ਜ਼ਬੇ ਨਾਲ ਭਰ ਕੇ ਕਿਤਾਬ ਦੇ ਅਗਲੇ ਪੰਨੇ ਪਲਟੇਗਾ। ਖਾਲਸਾ ਫਤਹਿਨਾਮਾ ਦੇ ਮੁੱਖ ਸੰਪਾਦਕ ਰਣਜੀਤ ਸਿੰਘ ਜੀ ਨੇ ਜੋ ਲੇਖਕ ਦੀ ਸ਼ਲਾਘਾ ਕੀਤੀ ਹੈ ਉਹ ਬਿਲਕੁਲ ਸਹੀ ਹੈ। ਕਿਉਂਕੀ ਮੈਂ ਖੁਦ ਲੇਖਕ ਨਾਲ ਵਿਚਾਰ ਚਰਚਾ ਕਰਦੀ ਰਹਿੰਦੀ ਹਾਂ ਅਤੇ ਜੋ ਰਣਜੀਤ ਸਿੰਘ ਜੀ ਨੇ ਦੱਸਿਆ ਲੇਖਕ ਬਾਰੇ ਉਹ ਹੂ-ਬ-ਹੂ ਉਦਾਂ ਹੀ ਹਨ। ਰਣਜੀਤ ਸਿੰਘ ਜੀ ਦੀ ਇਹ ਗੱਲ ਬਿਲਕੁਲ ਸਹੀ ਹੈ ਕਿ ਜਦੋਂ ਦੇਸ਼ ਖਾਲਿਸਤਾਨ ਅਜ਼ਾਦ ਹੋਇਆ ਤਾਂ ਲੇਖਕ ਦੀਆਂ ਕਿਤਾਬਾਂ ਸਕੂਲਾਂ ਕਾਲਜਾ ਵਿੱਚ ਜਰੂਰ ਪੜਾਈਆਂ ਜਾਣਗੀਆਂ। ਰਘਬੀਰ ਸਿੰਘ ਕੋਹਾੜ ਜੋ ਪ੍ਰਧਾਨ ਹਨ ਇੰਟਰਨੈਸ਼ਨਲ ਸਿੱਖ ਕੌਂਸਲ ਫਰਾਂਸ ਤੋਂ ਦੀਆਂ ਦੁਆਵਾਂ ਵੀ ਲੇਖਕ ਲਈ ਦਰਜ ਕੀਤੀਆਂ ਗਈਆਂ ਹਨ ਇਸ ਕਿਤਾਬ ਵਿੱਚ। ਅਜੋਕੇ ਯੁੱਗ ਦਾ ਹਥਿਆਰ ਕਲਮ ਸਿਰਲੇਖ ਹੇਠ ਪਹਿਰੇਦਾਰ ਦੇ ਸੀਨਿਅਰ ਪੱਤਰਕਾਰ ਨਰਿੰਦਰ ਪਾਲ ਸਿੰਘ ਜੀ ਨੇ ਲੇਖਕ ਨੂੰ ਉਲਾਮਾ ਲਾਉਣ ਵਾਲਾ ਲੇਖਕ ਕਹਿ ਕੇ ਨਿਵਾਜਿਆ ਹੈ, ਜੋ ਬਿਲਕੁਲ ਸਹੀ ਢੁੱਕਦਾ ਹੈ। ਤੱਤਕਰੇ ਦੀ ਹਰ ਲਾਇਨ ਸ਼ਹੀਦ ਤੋਂ ਸ਼ੁਰੂ ਹੁੰਦੀ ਦੇਖ ਦਿਲ ਰੋਹ ਨਾਲ ਭਰ ਜਾਂਦਾ ਹੈ। ਪਾਠਕ ਹੁਣ ਤੱਕ ਸਮਝ ਜਾਏਗਾ ਕਿ ਉਹ ਜੋ ਪੜਣ ਜਾ ਰਿਹਾ ਹੈ, ਉਸ ਨਾਲ ਉਹ ਸਿੱਖ ਕੌਮ ਦੀ ਹੋਂਦ ਦੇ ਦਰਸ਼ਨ ਦਿਦਾਰੇ ਕਰਣ ਜਾ ਰਿਹਾ ਹੈ। ਸੰਤ ਜਰਨੈਲ ਸਿੰਘ ਖਾਲਸਾ ਜੀ ਬਾਰੇ ਦੱਸਦੇ ਹੋਏ ਕਿ ਖਾਲਿਸਤਾਨ ਦੀ ਚਾਹਤ ਉਨਾਂ ਦੇ ਰੋਮ-ਰੋਮ ਵਿੱਚ ਸੀ, ਪਾਠਕ ਦੇ ਦਿਲ ਵਿੱਚ ਵੀ ਖਾਲਿਸਤਾਨ ਦੇਸ਼ ਲਈ ਜ਼ਜ਼ਬਾ ਪੈਦਾ ਕਰੇਗਾ। ਖਾਲਸਾ ਰਾਜ ਦਾ ਸੰਕਲਪ ਲੇਖ ਵਿੱਚ ਲੇਖਕ ਸਾਫ ਭਾਸ਼ਾ ਵਿੱਚ ਸਮੁੱਚੀ ਸਿੱਖ ਕੌਮ ਨੂੰ ਦੇਸ਼ ਖਾਲਿਸਤਾਨ ਦੀ ਅਜ਼ਾਦੀ ਲਈ ਵੰਗਾਰ ਰਿਹਾ ਹੈ।ਜਿਵੇਂ-ਜਿਵੇਂ ਕਿਤਾਬ ਦੇ ਪੰਨੇ ਪਲਟਾਈ ਜਾਵਾਂਗੇ ਮਰਜੀਵੜਿਆਂ ਦੀ ਸ਼ਹਾਦਤਾਂ ਦੇ ਕਿੱਸੇ ਪਾਠਕ ਦੀਆਂ ਅੱਖਾਂ ਭਰੀ ਜਾਣਗੇ ਅਤੇ ਦਿਲ ਤੇ ਦਿਮਾਗ ਇਸ ਕਦਰ ਗਮਗੀਨ ਹੋ ਜਾਵੇਗਾ ਕਿ ਇਹ ਸਾਰੀ ਦੁਨੀਆ ਹੀ ਵਿਅਰਥ ਲੱਗਣ ਲੱਗ ਪਏਗੀ। ਸੂਰਮਿਆਂ ਦੇ ਜੀਵਨ ਬਾਰੇ ਪੜ ਕੇ ਪਤਾ ਲੱਗਦਾ ਹੈ ਕਿ ਉਨਾਂ ਸਭ ਉੱਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਵਾਲਿਆਂ ਦਾ ਡੂੰਘਾ ਪ੍ਰਭਾਵ ਸੀ। ਜੋ ਸੰਤ ਜੀ ਦੀ ਲਾਸਾਨੀ ਸ਼ਹਾਦਤ ਤੋਂ ਬਾਦ ਵੀ ਇੰਨਾਂ ਸਿੰਘਾਂ ਦੀ ਖੁਦ ਦੀ ਸ਼ਹਾਦਤਾਂ ਤਕ ਕਾਇਮ ਰਿਹਾ। ਜੋ ਸਵਾਲ ਬਚਪਨ ਤੋਂ ਮੇਰੇ ਦਿਮਾਗ ਵਿੱਚ ਹਮੇਸ਼ਾਂ ਆਉਂਦਾ ਸੀ ਕਿ ਬਲਿਊ ਸਟਾਰ ਅਪਰੇਸ਼ਨ ਕਿਉਂ ? ਦਿੱਲੀ ਵਿੱਚ ਸਿੱਖ ਕਤਲੇਆਮ ਕਿਉਂ ? 95 ਤੱਕ ਪੰਜਾਬ ਦੇ ਘਰਾਂ ਵਿੱਚ ਸਿਵੇ ਕਿਉਂ ਬੱਲਦੇ ਰਹੇ ? ਉਨਾਂ ਸਵਾਲਾਂ ਦੇ ਜਵਾਬ ਕੁਝ ਹੱਦ ਤੱਕ ਇਸ ਕਿਤਾਬ ਵਿੱਚ ਹਨ। ਭਾਰਤ ਸਰਕਾਰ ਅਤੇ ਪੰਜਾਬ ਪੁਲਿਸ ਦਾ ਇੱਕ ਘਿਨੌਣਾ ਚਹਿਰਾ ਇਸ ਕਿਤਾਬ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਅੱਖਰਬੱਧ ਕੀਤਾ ਗਿਆ ਹੈ। ਕਿਉਂ ਸਿੰਘ ਖਾੜਕੂ ਬਣਦੇ ਹਨ ? ਉਹ ਸਮਝ ਲੱਗਦਾ ਹੈ। ਕਿਸ ਤਰਾਂ ਇੰਨਾਂ ਖਾੜਕੂ ਸਿੰਘਾਂ ਦਾ ਜ਼ਿੰਦਗੀ ਤੋਂ ਮੋਹ ਟੁੱਟ ਜਾਂਦਾ ਹੈ ਤੇ ਸਿਰਫ ਧਰਮ ਖਾਤਿਰ ਮਰਣ ਅਤੇ ਮਾਰਣ ਦਾ ਜਜ਼ਬਾ ਪੈਦਾ ਹੋ ਜਾਂਦਾ ਹੈ ਇਹ ਕਿਤਾਬ ਇੰਨ੍ਹਾਂ ਸਵਾਲਾਂ ਦੇ ਜਵਾਬ ਦਿੰਦੀ ਹੈ। ਕਈ ਉਨਾਂ ਸਿੰਘਾਂ ਦੇ ਜੀਵਨ ਬਾਰੇ ਵੀ ਪਤਾ ਲੱਗਦਾ ਹੈ ਜੋ ਜਲਵਤਨੀ ਹੋ ਕੇ ਵੀ ਦੇਸ਼ ਖਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਰਹੇ। ਸਿਰਫ ਇਸ ਉਮੀਦ ਵਿੱਚ ਕਿ ਜੇਕਰ ਅਸੀਂ ਆਪਣੇ ਦੇਸ਼ ਖਾਲਿਸਤਾਨ ਦੀ ਅਜ਼ਾਦੀ ਦਾ ਨਿੱਘ ਨਾ ਮਾਣ ਸਕੇ ਤਾਂ ਸਾਡੀ ਅਗਲੀ ਪੀੜੀ ਜ਼ਰੂਰ ਖਾਲਿਸਤਾਨ ਦੇਸ਼ ਦੀ ਅਜ਼ਾਦ ਫਿਜ਼ਾ ਵਿੱਚ ਸਾਨੂੰ ਯਾਦ ਕਰੇਗੀ। ਸ਼ਹਾਦਤਾਂ ਬਾਰੇ ਪੜਕੇ ਇੱਕ ਗੱਲ ਤਾਂ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਖਾਲਿਸਤਾਨ ਦੇਸ਼ ਦੀ ਅਜ਼ਾਦੀ ਦਾ ਸੰਘਰਸ਼ ਖਤਮ ਨਹੀਂ ਹੋਇਆ। ਹਾਂ ਇਹ ਕਹਿ ਲਓ ਕਿ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਪੈਂਤੜਿਆਂ ਨੂੰ ਸਮਝ ਕੇ ਗੁਰੀਲਾ ਜੰਗ ਹੋ ਰਹੀ ਹੈ। ਜੁਝਾਰੂ ਸਿੰਘਾਂ ਦੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਨੂੰ ਪੜ ਕੇ ਮੇਰੇ ਵਰਗੇ ਮਾਮੂਲੀ ਸੋਚ ਦੇ ਮਾਨਸ ਮਨ ਭਰ ਲੈਂਦੇ ਹਨ, ਪਰ ਉਨ੍ਹਾਂ ਸ਼ਹੀਦ ਸਿੰਘਾਂ ਦਾ ਸਾਥ ਮਾਨਣ ਵਾਲੇ ਉਨਾਂ ਦੇ ਸੰਘੀ ਸਿੰਘ ਚੜਦੀ ਕਲਾ ਦਾ ਸੰਦੇਸ਼ ਦਿੰਦੇ ਨਜ਼ਰ ਆਉਂਦੇ ਹਨ ਕਿ ਕਿਸੇ ਵੀ ਸਿੰਘ ਦੀ ਸ਼ਹਾਦਤ ਤੋਂ ਬਾਦ ਸੰਘਰਸ਼ ਨਹੀਂ ਰੁਕਣਾ ਚਾਹੀਦਾ। ਇਹ ਸੁਨੇਹਾ ਸਿਰਫ ਸਿੱਖ ਕੌਮ ਅਤੇ ਧਰਮ ਦਾ ਦਰਦ ਰੱਖਣ ਵਾਲੇ ਜੁਝਾਰੂ ਸਿੰਘ ਹੀ ਦੇ ਸਕਦੇ ਹਨ ਜੋ ਕਿ ਇਸ ਕਿਤਾਬ ਵਿੱਚ ਦਰਜ ਹੈ। ਲੇਖਕ ਦੀ ਮਿਹਨਤ ਇਸ ਕਿਤਾਬ ਲਈ ਸਾਫ ਝਲਕ ਰਹੀ ਹੈ। ਲੇਖਕ ਨੇ ਸ਼ਹਾਦਤਾਂ ਦੇ ਸਮੁੰਦਰ ਨੂੰ ਕਿਤਾਬ ਰੂਪੀ ਕੁੱਝੇ ਵਿੱਚ ਇੱਕਤਰ ਕਰਣ ਦੀ ਸਫਲ ਕੋਸ਼ਸ਼ ਕੀਤੀ ਹੈ। ਕਈ ਸ਼ਹੀਦਾਂ ਬਾਰੇ ਪੜ ਕੇ ਪਤਾ ਲੱਗਾ ਕਿ ਸੰਘਰਸ਼ ਦੀ ਜੰਗ ਵਿੱਚ ਉਨਾਂ ਦੇ ਕਦਮ ਉਸ ਸਮੇਂ ਤੁਰੇ ਜਦੋਂ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਨੇ ਸਿੱਖਾਂ ਦੇ ਕਤਲੇਆਮ ਦੀ ਲੜੀ ਬੰਨ੍ਹ ਦਿੱਤੀ ਸੀ। ਉਨਾਂ ਅੰਦਰ ਰੋਹ ਸੀ ਅਤੇ ਆਪਣੀ ਕੌਮ ਦਾ ਦਰਦ ਸੀ। ਲੇਖਕ ਨੇ ਆਪਣੇ ਚਾਚਾ ਜੀ ਸ਼ਹੀਦ ਕਸ਼ਮੀਰ ਸਿੰਘ ਸ਼ੀਰਾ ਜੀ ਦੀ ਸ਼ਹਾਦਤ ਅਤੇ ਕੁਰਬਾਨੀ ਨੂੰ ਵੀ ਇਸ ਕਿਤਾਬ ਵਿੱਚ ਕਲਮਬੱਧ ਕੀਤਾ ਹੈ। ਜਿਸ ਤੋਂ ਸਾਫ ਹੁੰਦਾ ਹੈ ਕਿ ਲੇਖਕ ਦਾ ਖੁਦ ਦਾ ਪਰਿਵਾਰ ਵੀ ਇੰਨਾਂ ਮਹਾਨ ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਦੌਰ ਦਾ ਪਾਂਧੀ ਰਿਹਾ ਹੈ। ਇਸ ਲਈ ਹੀ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਇਹ ਕਿਤਾਬ ਤਵਾਰੀਖ ਖਾਲਿਸਤਾਨ ਦਾ ਤੀਜਾ ਭਾਗ ਲਿਖਣ ਤੱਕ ਕਾਮਯਾਬ ਹੋਏ ਹਨ, ਕਿਉਂਕਿ ਇੰਨਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਮਿਲਣਾ ਅਤੇ ਸ਼ਹੀਦ ਸਿੰਘਾਂ ਬਾਰੇ ਜਾਣਕਾਰੀ ਹਾਂਸਲ ਕਰਨਾ ਕੋਈ ਸੌਖਾ ਕੰਮ ਨਹੀਂ। ਲੇਖਕ ਇਸ ਲਈ ਹੀ ਕਾਮਯਾਬ ਹੋ ਸਕਿਆ ਕਿਉਂਕਿ ਉਸ ਦੇ ਖੁਦ ਅੰਦਰ ਇੰਨਾਂ ਸ਼ਹੀਦ ਸਿੰਘਾਂ ਦੀ ਖਿੱਚ ਹੈ ਅਤੇ ਪਰਿਵਾਰਕ ਪਿਛੋਕੜ ਵੀ। ਸ਼ਹੀਦਾਂ ਦੇ ਜੀਵਨ ਬਾਰੇ ਪੜ ਕੇ ਪਤਾ ਲੱਗਦਾ ਹੈ ਕਿ ਕਿਸ ਤਰਾਂ ਜੁਝਾਰੂ ਯੋਧੇ ਸਰਕਾਰ ਅਤੇ ਪੁਲਿਸ ਤੋਂ ਤਾਂ ਬੇਖੌਫ ਸਨ, ਪਰ ਮੌਤ ਨੂੰ ਵੀ ਮਖੌਲਾਂ ਕਰਦੇ ਸਨ। ਇਹ ਰੂਹਾਂ ਵਿਰਲੀਆਂ ਹੀ ਹੁੰਦੀਆਂ ਹਨ। ਹਰ ਕਿਸੇ ਵਿੱਚ ਇੰਨੀਂ ਜੁਰੱਤ ਹੋਣੀ ਸੰਭਵ ਨਹੀਂ। ਇਸ ਲਈ ਹੀ ਪੁਲਿਸ ਪ੍ਰਸ਼ਾਸਨ ਖੁਦ ਇੰਨਾਂ ਯੋਧਿਆਂ ਤੋਂ ਕੰਬਦਾ ਸੀ ਅਤੇ ਹੁਣ ਵੀ ਕੰਬਦਾ ਹੈ। ਇਸੇ ਲਈ ਤਾਂ ਸਰਕਾਰਾਂ ਅਤੇ ਪੁਲਿਸ ਕਨੂੰਨ ਨੂੰ ਛਿੱਕੇ ਟੰਗ ਕੇ ਇੰਨਾਂ ਜੁਝਾਰੂਆਂ ਦਾ ਸ਼ਿਕਾਰ ਖੇਡਦੀਆਂ ਹਨ ਅਤੇ ਇੰਨਕਾਉਂਟਰ ਕਰਕੇ ਕਤਲ ਕਰਦੀਆਂ ਹਨ। ਕਿਤਾਬ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸ਼ਹਾਦਤਾਂ ਸਿਰਫ ਜੁਝਾਰੂ ਸਿੰਘਾਂ ਨੇ ਹੀ ਨਹੀਂ ਦਿੱਤੀਆਂ ਬਲਕਿ ਉਨਾਂ ਦੇ ਪਰਿਵਾਰਾਂ ਨੇ ਵੀ ਬਰਾਬਰ ਘਾਲਣਾ ਕੀਤੀ ਹੈ। ਪੁਲਿਸ ਦੇ ਤਸ਼ਦੱਦ ਝੱਲੇ ਹਨ, ਜੇਲ੍ਹਾਂ ਕੱਟੀਆਂ ਹਨ ਅਤੇ ਆਪਣੇ ਘਰ ਦੇ ਚਿਰਾਗ ਦੇ ਬੁੱਝਣ ਤੋਂ ਬਾਦ ਵੀ ਸੰਤਾਪ ਝੱਲੇ ਹਨ। ਕਿਤਾਬ ਪੜ ਕੇ ਸਮਝ ਨਹੀਂ ਆਉਂਦੀ ਕਿ ਸਿੱਖ ਕੌਮ ਕਿਸ ਤਰਾਂ ਇੰਨਾਂ ਸ਼ਹੀਦਾਂ ਅਤੇ ਇੰਨਾਂ ਦੇ ਪਰਿਵਾਰਾਂ ਦਾ ਮੁੱਲ ਚੁਕਾ ਪਾਏਗੀ ? ਇਸ ਕਿਤਾਬ ਵਿੱਚ ਇਹ ਵੀ ਸਪੱਸ਼ਟ ਕੀਤਾ ਲੇਖਕ ਨੇ ਕਿ ਕੁਝ ਯੋਧੇ ਤਾਂ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਨਾਲ ਜੁੜੇ ਹੋਏ ਸਨ ਤਾਂ ਖਾੜਕੂ ਬਣੇ ਸਨ। ਪਰ ਕੁਝ ਯੋਧੇ ਸ਼੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖਾਂ ਤੇ ਹੋ ਰਹੇ ਹਮਲਿਆਂ ਤੋਂ ਨਿਰਾਸ਼ ਹੋ ਕੇ ਖਾੜਕੂ ਬਣੇ ਸਨ। ਪਰ ਕੁਝ ਯੋਧੇ ਪੁਲਿਸ ਪ੍ਰਸ਼ਾਸਨ ਵੱਲੋਂ ਸ਼ੱਕ ਦੇ ਅਧਾਰ ਤੇ ਬਾਰ-ਬਾਰ ਸਤਾਏ ਜਾਣ ਤੇ ਖਾੜਕੂ ਬਣੇ ਸਨ। ਇਹ ਪੜ ਕੇ ਵੀ ਹੈਰਾਨੀ ਹੋਈ ਕਿ ਪੁਲਿਸ ਨੇ ਕਈ ਬੇਦੋਸ਼ਿਆਂ ਨੂੰ ਵੀ ਸਿੱਖ ਹੋਣ ਦੀ ਸਜ਼ਾ ਦਿੱਤੀ। ਉਨਾਂ ਨੂੰ ਖਾੜਕੂ ਕਹਿ ਕਿ ਸ਼ਹੀਦ ਕਰ ਦਿੱਤਾ ਗਿਆ। ਇੰਨ੍ਹਾਂ ਜ਼ਾਲਮ ਸਰਕਾਰਾਂ ਅਤੇ ਜ਼ਾਲਮ ਪੁਲਿਸ ਅਫਸਰਾਂ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ ਜੋ ਸਿਰਫ ਗੁਰੂ ਘਰ ਦੇ ਪਾਠੀ ਦੀ ਸੇਵਾ ਨਿਭਾ ਰਹੇ ਸੀ ਜਾਂ ਆਪਣੇ ਖੇਤਾਂ ਵਿੱਚ ਕੰਮ ਕਰ ਰਹੇ ਸੀ ਜਾਂ ਫਿਰ ਬੱਸ ਵਿੱਚੋਂ ਉਤਾਰ ਕੇ ਗੋਲੀਆਂ ਮਾਰ ਸ਼ਹੀਦ ਕਰ ਦਿੱਤਾ। ਪੁਲਿਸ ਦਾ ਇਹ ਘਟੀਆਪਣ ਸਿਰਫ ਉੱਚੇ ਅਹੁੱਦੇ ਲੈਣ ਖਾਤਿਰ ਜਾਂ ਕੁਝ ਪੈਸਿਆਂ ਖਾਤਿਰ ਸੀ। ਪਾਠਕਾਂ ਸਿਰਫ ਲਾਹਨਤਾਂ ਹੀ ਇੰਨ੍ਹਾਂ ਜ਼ਾਲਮਾਂ ਨੂੰ ਪਾਏਗਾ। ਕਿਤਾਬ ਦੇ ਆਖ਼ਰ ਵਿੱਚ ਲੇਖਕ ਨੇ ਸਪੱਸ਼ਟ ਕੀਤਾ ਕਿ ਸਿੱਖ ਕੌਮ ਕਿਉਂ ਦੇਸ਼ ਖਾਲਿਸਤਾਨ ਲੋਚਦੀ ਹੈ ? ਸੱਚੀਂ ਕਿਤਾਬ ਪੜਣ ਵਾਲੀ ਹੈ। ਸ਼ਹੀਦ ਜੁਝਾਰੂ ਸਿੰਘਾਂ ਦੀ ਸੋਚ, ਉਨਾਂ ਦਾ ਜਜ਼ਬਾ, ਉਨਾਂ ਦੀਆਂ ਕੁਰਬਾਨੀਆਂ ਪੜ ਕੇ ਹਰ ਪਾਠਕ ਖੁਦ ਨੂੰ ਸਵਾਲ ਜ਼ਰੂਰ ਕਰੇਗਾ ਕਿ ਉਹ ਖੁੱਦ ਦੇਸ਼ ਖਾਲਿਸਤਾਨ ਦੀ ਅਜ਼ਾਦੀ ਦੇ ਇਸ ਸੰਘਰਸ਼ ਵਿੱਚ ਕਿੱਥੇ ਖੜਾ ਹੈ ? ਉਸਨੇ ਨੇ ਖੁਦ ਦੇਸ਼ ਖਾਲਿਸਤਾਨ ਦੀ ਅਜ਼ਾਦੀ ਲਈ ਕਿੰਨਾਂ ਕੁ ਯੋਗਦਾਨ ਪਾਇਆ ਹੈ ? ਜਾਂ ਕਿੰਨਾਂ ਕੁ ਯੋਗਦਾਨ ਉਹ ਪਾ ਸਕਦਾ ਹੈ ? ਭਾਈ ਰਣਜੀਤ ਸਿੰਘ ਜੀ ਦਮਦਮੀ ਟਕਸਾਲ ਪ੍ਰਧਾਨ ਸਿੱਖ ਯੂਥ ਫਡਰੇਸ਼ਨ ਭਿੰਡਰਾਂਵਾਲਾ ਇੱਕ ਨਾਮੀ ਖੋਜਕਾਰ ਅਤੇ ਇਤਿਹਾਸਕਾਰ ਹਨ। ਬਹੁਤ ਹੀ ਛੋਟੀ ਜਿਹੀ ਉਮਰ ਵਿੱਚ ਗਿਆਨ ਦਾ ਭੰਡਾਰ ਆਪਣੇ ਆਪ ਵਿੱਚ ਸਮਾਈ ਬੈਠੇ ਹਨ ਭਾਈ ਸਾਹਿਬ। ਭਾਈ ਰਣਜੀਤ ਸਿੰਘ ਜੀ ਨਾਲ ਮਿਲਣਾ ਅਤੇ ਵਿਚਾਰਾਂ ਦੀ ਸਾਂਝ ਮੇਰੀ ਅਕਸਰ ਹੁੰਦੀ ਰਹਿੰਦੀ ਹੈ। ਬਹੁਤ ਹੀ ਮਿਲਾਪੜੇ ਅਤੇ ਸਤਿਕਾਰਤ ਸ਼ਖਸਿਅਤ ਹਨ। ਸਿੱਖੀ, ਸਿੱਖ ਕੌਮ ਅਤੇ ਸਿੱਖ ਇਤਿਹਾਸ ਲਈ ਬਹੁਤ ਹੀ ਜ਼ਿਆਦਾ ਸੁਚੇਤ ਹਨ ਭਾਈ ਸਾਹਿਬ। ਸ਼ਹੀਦ ਸਿੰਘਾਂ ਦੀ ਜਾਣਕਾਰੀ ਇੱਕਠੀ ਕਰਕੇ ਪਾਠਕਾਂ ਤੱਕ ਅਤੇ ਅਗਲੀ ਪੀੜੀ ਤੱਕ ਪਹੁੰਚਾਉਣ ਦੇ ਮਹਾਨ ਕਾਰਜ ਲਈ ਭਾਈ ਰਣਜੀਤ ਸਿੰਘ ਜੀ ਨੂੰ ਮੈਂ ਦੁਆਵਾਂ ਦਿੰਦੀ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

**-ਰਸ਼ਿੰਦਰ ਕੌਰ ਗਿੱਲ, ਸੰਸਥਾਪਕ, ਪ੍ਰਧਾਨ**
**ਪੀਂਘਾਂ ਸੋਚ ਦੀਆਂ ਸਾਹਿਤ ਮੰਚ**, +91-9888697078

# ਮਾਲਵਾ ਨਹਿਰ ਬਣਾਕੇ ਮੁੱਖ ਮੰਤਰੀ ਮਾਨ ਨੇ ਪੰਜਾਬੀਆਂ ਦਾ ਜਿੱਤਿਆ ਦਿਲ : ਮਾਤਾ ਹਰਪਾਲ ਕੌਰ / ਪ੍ਰੋਫੈਸਰ ਓਂਕਾਰ ਸਿੰਘ ਸਿੱਧੂ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪੰਜਾਬ ਵਿੱਚ ਨਵੀ -ਮਾਲਵਾ ਨਹਿਰ ਬਨਾਉਣ ਦੇ ਦੂਰਅੰਦੇਸ਼ੀ ਫੈਸਲੇ ਨਾਲ ਸੂਬੇ ਵਿੱਚ ਲਗਭੱਗ ਦੇ ਲੱਖਾਂ ਏਕੜ ਜਮੀਨ ਦੀ ਸਿੰਜਾਈ ਵਿੱਚ ਮਦਦ ਮਿਲੇਗੀ, ਜਿਸ ਨਾਲ ਕਿਸਾਨਾਂ ਦੀ ਫਸਲ ਦੀ ਪੈਦਾਵਾਰ ਵਿੱਚ ਵਾਧਾ ਹੋਣ ਨਾਲ ਕਿਸਾਨ ਖੁਸਹਾਲ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਹਰਪਾਲ ਕੌਰ ਅਤੇ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਓ,ਐਸ,ਡੀ ਮੁੱਖ ਮੰਤਰੀ ਪੰਜਾਬ ਨੇ ਸਾਂਝੇ ਤੌਰ ਤੇ ਕੀਤਾ ।ਉਨ੍ਹਾਂ ਕਿਹਾ ਕਿ ਨਵੀਂ ਮਾਲਵਾ ਨਹਿਰ 149 ਕਿਲੋਮੀਟਰ ਲੰਬੀ, ਨਹਿਰ ਦੀ ਪ੍ਰਸਤਾਵਿਤ ਸਮਰਥਾ 2000 ਕਿਊਸਿਕ ਹੈ। ਇਸ ਦੇ ਬਨਾਉਣ ਤੇ ਤਕਰੀਬਨ 2300 ਕਰੋੜ ਰੁਪਏ ਦੀ ਲਾਗਤ ਖਰਚ ਹੋਵੇਗੀ । ਉਨਾਂ ਕਿਹਾ ਕਿ ਦੇਸ਼ ਦੀ ਅਜਾਦੀ ਤੋਂ ਬਾਅਦ ਪੰਜਾਬ ਵਿੱਚ ਇਹ ਪਹਿਲੀ ਵੱਡੀ ਮਾਲਵਾ ਨਹਿਰ ਬਨਣ ਨਾਲ ਮਾਲਵੇ ਦੇ ਸ੍ਰੀ ਮੁਕਤਸਰ ਸਾਹਿਬ, ਗਿੱਦੜਬਾਹਾ, ਫਾਜਲਿਕਾ, ਅਬੋਹਰ, ਸਠਿੰਡਾ, ਫਿਰੋਜ਼ਪੁਰ ਦੇ ਇਲਾਕਿਆ ਦੇ ਕਿਸਾਨਾਂ ਨੂੰ ਵੱਡਾ ਫਾਇਦਾ ਹੋਵੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਆਪ ਆਗੂ ,ਉੱਘੇ ਸਮਾਜ ਸੇਵੀ ਅਰਵਿੰਦ ਸਰਮਾ ਨਾਭਾ ਬਲਾਕ ਪ੍ਰਧਾਨ ਗੁਰਤੇਜ ਸਿੰਘ ਕੱਕੜਵਾਲ , ਆਪ ਆਗੂ ਭਿੰਦਾ ਵਿਰਕ, ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਨਾਹਰ ਸਿੰਘ ਮੀਮਸਾ, ਆਪ ਆਗੂ ਮਾਣਾ ਗਰੇਵਾਲ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰ ਨੇ ਕਰੀਬ 43 ਹਜ਼ਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਕਰਵਾਏ ਮੁਹੱਈਆ - ਈ.ਟੀ.ਓ.

## ਸਵੈ ਰੋਜ਼ਗਾਰ ਕੈਂਪ ਵਿੱਚ 96 ਨੌਜਵਾਨਾਂ ਨੂੰ ਰੋਜ਼ਗਾਰ ਕਰਵਾਇਆ ਮੁਹੱਈਆ



**ਜੰਡਿਆਲਾ ਗੁਰੂ, 9 ਅਗਸਤ ( ਕੁਲਵੰਤ ਸਿੰਘ ਵਿਰਦੀ )**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਦੇ ਕਾਬਲ ਬਨਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਸਰਕਾਰ ਨੇ ਕਰੀਬ 43 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਹਨ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਨੇ ਮਾਰਕੀਟ ਕਮੇਟੀ ਮਹਿਤਾ ਵਿਖੇ ਲਗਾਏ ਗਏ ਰੋਜਗਾਰ ਅਤੇ ਸਵੈ ਰੋਜਗਾਰ ਕੈਂਪ ਦੌਰਾਨ 96 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਮੁਹੱਈਆ ਕਰਵਾਉਣ ਸਮੇਂ ਕੀਤਾ। ਉਨਾਂ ਦੱਸਿਆ ਕਿ ਸਾਡੀ ਸਰਕਾਰ ਦਾ ਮੁੱਖ ਉਦੇਸ਼ ਸਿਹਤ, ਸਿੱਖਿਆ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣਾ ਹੈ। ਉਨਾਂ ਦੱਸਿਆ ਕਿ ਇਸ ਕੰਮ ਲਈ ਪਿੰਡ ਪੱਧਰ ਤੇ ਰੋਜ਼ਗਾਰ ਕੈਂਪ ਲਗਾ ਕੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਅਤੇ ਸਰਕਾਰ ਵਲੋਂ ਚਲਾਈਆਂ ਜਾਂਦੀਆਂ ਸਕੀਮਾਂ ਬਾਰੇ ਜਾਗਰੂਕ ਕਰਨਾ ਅੱਗੇ ਉਨਾਂ ਦੱਸਿਆ ਕਿ ਇਸ ਕੈਂਪ ਵਿੱਚ ਸਵੈ ਰੋਜਗਾਰ ਮੁਹਈਆ ਕਰਵਾਉਣ ਲਈ ਪੰਜਾਬ ਦੇ ਜਿਲ੍ਹੇ ਦੇ ਵੱਖ-ਵੱਖ ਵਿਭਾਗ ਜਿਵੇ ਕਿ ਬੈਕਫਿੰਕੋ ਅੰਮ੍ਰਿਤਸਰ, ਐਸ.ਸੀ.ਕਾਰਪੋਰੇਸ਼ਨ ਅੰਮ੍ਰਿਤਸਰ, ਜਿਲ੍ਹਾ ਉਦਯੋਗ ਕੇਂਦਰ ਅੰਮ੍ਰਿਤਸਰ, ਡੇਅਰੀ ਡਿਵੈਲਪਮੈਂਟ ਬੋਰਡ ਅੰਮ੍ਰਿਤਸਰ, ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਅੰਮ੍ਰਿਤਸਰ, ਪੇਂਡੂ ਸਵੈ ਰੁਜਗਾਰ ਤਕਨੀਕੀ ਸੰਸਥਾ ਅੰਮ੍ਰਿਤਸਰ, ਪੰਜਾਬ ਰਾਜ ਪੇਂਡੂ ਅਜੀਵਿਕਾ ਮਿਸ਼ਨ, ਅੰਮ੍ਰਿਤਸਰ ਨੇ ਭਾਗ ਲਿੱਆ ਅਤੇ ਨੌਜਵਾਨਾਂ ਨੂੰ ਆਫਰ ਲੇਟਰ ਦਿੱਤੇ ਗਏ ਹਨ। ਉਨਾਂ ਦੱਸਿਆ ਕਿ ਇਸ ਕੈਂਪ ਵਿੱਚ ਨਾਮੀ ਕੰਪਨੀਆਂ ਜਿਵੇ ਕਿ ਰਖਸ਼ਾ ਸਕਿਉਰਟਰੀ, ਮੈਕਸਿਕਸ ਕੋਚਰ ਟੈਕ, ਸ਼ੇਅਰ ਇੰਡੀਆ ਆਦਿ ਨੇ ਭਾਗ ਲਿਆ ਅਤੇ ਲੜਕੇ ਅਤੇ ਲੜਕੀਆਂ ਨੂੰ ਨੌਕਰੀ ਦੇ ਵੱਖ-ਵੱਖ ਅਵਸਰ ਪ੍ਰਦਾਨ ਕੀਤੇ ਗਏ। ਇਸ ਕੈਂਪ ਵਿਚ ਕੁੱਲ 211 ਨੌਜਵਾਨਾਂ ਵੱਲੋਂ ਹਿੱਸਾ ਲਿਆ ਗਿਆ ਅਤੇ 96 ਬੱਚਿਆ ਨੂੰ ਨੋਕਰੀ ਦੇ ਅਫਸਰ ਪ੍ਰਦਾਨ ਕੀਤੇ ਗਏ ਹਨ ।ਉਨਾਂ ਦੱਸਿਆ ਕਿ ਇਸ ਮੌਕੇ ਤੇ ਨੋਜਵਾਨਾ ਨੂੰ ਪੁਲਿਸ, ਆਰਮੀ ਅਤੇ ਹੋਰ ਸਰਕਾਰੀ ਨੌਕਰੀਆਂ ਦੀ ਤਿਆਰੀ ਸਬੰਧੀ ਜਾਣਕਾਰੀ ਵੀ ਮੁਹੱਈਆ ਕਰਵਾਈ ਗਈ ਹੈ ਅਤੇ ਸੀ-ਪਾਇਟ ਕੇਂਦਰ ਕਪੂਰਥਲਾ ਅਤੇ ਆਰਮੀ ਰੀਕਰਿਉਟਮੈਂਟ ਕੇਂਦਰ ਅੰਮ੍ਰਿਤਸਰ ਵੱਲੋ ਨੌਜਵਾਨਾਂ ਨੂੰ ਭਰਤੀ ਸਬੰਧੀ ਜਾਗਰੂਕ ਵੀ ਕੀਤਾ ਗਿਆ ਹੈ ।ਇਸ ਮੋਕੇ ਡਾ.ਗੁਰਵਿੰਦਰ ਸਿੰਘ ਚੇਅਰਮੈਨ ਮਾਰਕਿਟ ਮਹਿਤਾ, ਸ਼੍ਰੀਮਤੀ ਨੀਲਮ ਮਹੇ ,ਡਿਪਟੀ ਡਾਇਰੈਕਟਰ, ਰੋਜਗਾਰ ਉਤੱਪਤੀ,ਹੁਨਰ ਵਿਕਾਸ ਅਤੇ ਸਿਖਲਾਈ, ਅੰਮ੍ਰਿਤਸਰ, ਸ੍ਰੀ ਨਰੇਸ਼ ਕੁਮਾਰ, ਰੋਜਗਾਰ ਉਤੱਪਤੀ,ਹੁਨਰ ਵਿਕਾਸ ਅਤੇ ਸਿਖਲਾਈ, ਅੰਮ੍ਰਿਤਸਰ,ਸ਼੍ਰੀ ਤੀਰਥਪਾਲ ਸਿੰਘ,ਡਿਪਟੀ ਸੀ.ਈ.ਓ ਰੋਜਗਾਰ ਉਤੱਪਤੀ,ਹੁਨਰ ਵਿਕਾਸ ਅਤੇ ਸਿਖਲਾਈ, ਅੰਮ੍ਰਿਤਸਰ, ਸ਼੍ਰੀ ਗੋਰਵ ਕੁਮਾਰ,ਕਰੀਅਰ ਕਾਉਂਸਲਰ ਰੋਜਗਾਰ ਉਤੱਪਤੀ,ਹੁਨਰ ਵਿਕਾਸ ਅਤੇ ਸਿਖਲਾਈ, ਅੰਮ੍ਰਿਤਸਰ, ਬਲਾਕ ਪ੍ਰਧਾਨ ਸ: ਜਰਮਜੀਤ ਸਿੰਘ, ਗੁਰਜਿੰਦਰ ਸਿੰਘ, ਅਜੈ ਗਾਂਧੀ, ਸੁਖ ਰੰਧਾਵਾ, ਕੰਵਲਜੀਤ ਸਿੰਘ, ਪ੍ਰਗਟ ਸਿੰਘ, ਦਲਜੀਤ ਸਿੰਘ ਉਦੋਨੰਗਲ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਵੱਲੋਂ ਅਰਦਾਸ ਬੇਨਤੀ ਕਰਕੇ ਅਤੇ ਹਾਰ ਪਾ ਕੇ

# ਗੁਰਮਤਿ ਸਮਾਗਮ ਵਰਨਾਲਾ ਦੇ ਸਮੂਹ ਸੇਵਾਦਾਰਾਂ ਨੂੰ ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਦਰਸ਼ਨ ਦੀਦਾਰਿਆਂ ਲਈ ਰਵਾਨਾ ਕੀਤਾ



(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਲਈ ਗੁਰਮਤਿ ਸਮਾਗਮ ਵਰਨਾਲਾ ਦੇ ਮੁੱਖ ਸੇਵਾਦਾਰ ਬਾਬਾ ਗੁਰਸਾਹਿਬ ਸਿੰਘ ਜੀ ਅਤੇ ਸਮੂਹ ਸੇਵਾਦਾਰ ਰਵਾਨਾ ਹੋਏ। ਇਸੇ ਤਰ੍ਹਾਂ ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਸਮੂਹ ਸਿੰਘਾਂ ਨੂੰ ਹਾਰ ਪਾ ਕੇ ਦਰਸ਼ਨ ਦੀਦਾਰਿਆਂ ਲਈ ਜੱਥਾ ਰਵਾਨਾ ਕੀਤਾ ਅਤੇ ਬੋਲਦਿਆਂ ਦੱਸਿਆ ਕਿ ਜੋ ਗੁਰਮਤ ਸਮਾਗਮ ਵਰਨਾਲਾ ਦੇ ਮੁੱਖ ਸੇਵਾਦਾਰ ਬਾਬਾ ਗੁਰਸਾਹਿਬ ਸਿੰਘ ਜੀ ਆਪਣੇ ਸਮੂਹ ਸਾਥੀਆਂ ਨੂੰ ਨਾਲ ਲੈ ਕੇ ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਰਸ਼ਨ ਦੀਦਾਰਿਆਂ ਲਈ ਰਵਾਨਾ ਹੋਏ ਹਨ ਅਸੀਂ ਅਰਦਾਸ ਕਰਦੇ ਹਾਂ ਕਿ ਗੁਰੂ ਸਾਹਿਬ ਜੀ ਇਹਨਾਂ ਸਿੰਘਾਂ ਦੀ ਯਾਤਰਾ ਸਫਲ ਕਰਨ। ਬਾਬਾ ਗੁਰਸਾਹਿਬ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਆਪਣੇ ਗ੍ਰਹਿ ਵਿਖੇ ਬੁਲਾ ਕੇ ਜਲ ਪ੍ਰਸ਼ਾਦੇ ਨਾਲ ਬਹੁਤ ਹੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਇਸ ਮੌਕੇ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ, ਸ੍ਰ ਗੁਰਸਾਬ ਸਿੰਘ ਬਦਰਪੁਰ, ਸ੍ਰ ਗੁਰਦੇਵ ਸਿੰਘ ਛਾਰਾ, ਸ੍ਰ ਧਰਮ ਸਿੰਘ ਕਿਰਪੈਨ ਵਾਲੇ , ਸ੍ਰ ਸੁਖਚੈਨ ਸਿੰਘ ਖੋਸਲਾ, ਸ੍ਰ ਚਾਨਣ ਸਿੰਘ ਕੂਕਾ ਮੈਂਬਰ, ਸ੍ਰ ਅਮਰ ਸਿੰਘ ਆੜਤੀਆ, ਲੱਖਾਂ ਸਿੰਘ ਦੋਧੀ, ਸ੍ਰ ਭਗਵਾਨ ਸਿੰਘ ਮੈਂਬਰ, ਸ੍ਰ ਨਿਹਾਲ ਸਿੰਘ ਸੇਵਾਦਾਰ , ਸ੍ਰ ਬਲਜੀਤ ਸਿੰਘ ਆੜਤੀਆ, ਸ੍ਰ ਹਰਜਿੰਦਰ ਸਿੰਘ ਮਦਰਾ ਅਤੇ ਹੋਰ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਜੀ ਟੀ ਯੂ ਵੱਲੋਂ ਜਿਲ੍ਹਾ ਸਿੱਖਿਆ ਦਫਤਰ ਸਾਹਮਣੇ ਰੋਸ਼ ਰੈਲੀ

# ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਦੇ ਨਾਮ ਭੇਜੇ ਮੰਗ ਪੱਤਰ

**ਬੁਲਾਰਿਆਂ ਮੰਗ ਕੀਤੀ ਕਿ ਮਾਸਟਰ ਕੇਡਰ ਤੋਂ ਲੈਕਚਰਾਰ, ਲੈਕਚਰਾਰ ਤੋਂ ਪ੍ਰਿੰਸੀਪਲ, ਮਾਸਟਰ ਕੇਡਰ ਤੋਂ ਹੈੱਡ ਮਾਸਟਰ, ਈਟੀਟੀ ਤੋਂ ਮਾਸਟਰ ਕੇਡਰ, ਈਟੀਟੀ ਤੋਂ ਐਚਟੀ, ਐਚਟੀ ਤੋਂ ਸੀਐਚਟੀ, ਸੀਐਚਟੀ ਤੋਂ ਬੀਪੀਓ ਤੇ ਬੀਪੀਓ ਤੋਂ...**









**ਅੰਮ੍ਰਿਤਸਰ, 9 ਅਗਸਤ ( ਆਵਾਜ਼ਿ ਕੌਮ ਬਿਊਰੋ )** - ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਜਿਲਾ ਅੰਮ੍ਰਿਤਸਰ ਵੱਲੋਂ ਪ੍ਰਧਾਨ ਸੁੱਚਾ ਸਿੰਘ ਟਰਪਈ ਦੀ ਅਗਵਾਈ ਹੇਠ ਗੌਰਮਿੰਟ ਟੀਚਰਜ ਯੂਨੀਅਨ ਦੇ ਸੁਬਾਈ ਫੈਸਲੇ ਮੁਤਾਬਕ ਜਿਲ੍ਹਾ ਸਿਖਿਆ ਅਫਸਰ ( ਐਲੀ. ਅਤੇ ਸੰ. ) ਦੇ ਦਫਤਰ ਸਾਹਮਣੇ ਇੱਕ ਰੋਸ਼ ਰੈਲੀ ਕਰਨ ਉਪਰੰਤ ਮੁੱਖ ਮੰਤਰੀ ਪੰਜਾਬ ਅਤੇ ਸਿਖਿਆ ਮੰਤਰੀ ਦੇ ਨਾਮ ਤੇ ਮੰਗ ਪੱਤਰ ਭੇਜਿਆ ਗਿਆ । ਇਸ ਮੌਕੇ ਸੰਬੋਧਨ ਕਰਦਿਆ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਬਾਜਵਾ , ਜਿਲ੍ਹਾ ਜਨਰਲ ਸਕੱਤਰ ਹਰਵਿੰਦਰ ਸਿੰਘ ਸੁਲਤਾਨਵਿੰਡ , ਹੀਰਾ ਸਿੰਘ ਭੱਟੀ , ਹਰਪ੍ਰੀਤ ਸੋਹੀਆਂ , ਮੰਗਲ ਟਾਂਡਾ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਅਧਿਆਪਕਾਂ ਦੀਆਂ ਮੰਗਾਂ ਦੇ ਪੰਜਾਬ ਸਰਕਾਰ ਤੇ ਵਿਭਾਗੀ ਅਫਸਰ ਸ਼ਾਹੀ ਕੰਮ ਕਰਨ ਤੋਂ ਟਾਲਾ ਵੱਟ ਰਹੀ ਹੈ। ਬੁਲਾਰਿਆਂ ਮੰਗ ਕੀਤੀ ਕਿ ਮਾਸਟਰ ਕੇਡਰ ਤੋਂ ਲੈਕਚਰਾਰ, ਲੈਕਚਰਾਰ ਤੋਂ ਪ੍ਰਿੰਸੀਪਲ, ਮਾਸਟਰ ਕੇਡਰ ਤੋਂ ਹੈੱਡ ਮਾਸਟਰ, ਈਟੀਟੀ ਤੋਂ ਮਾਸਟਰ ਕੇਡਰ, ਈਟੀਟੀ ਤੋਂ ਐਚਟੀ, ਐਚਟੀ ਤੋਂ ਸੀਐਚਟੀ, ਸੀਐਚਟੀ ਤੋਂ ਬੀਪੀਓ ਤੇ ਬੀਪੀਓ ਤੋਂ ਪ੍ਰਿੰਸੀਪਲਾਂ ਦੀਆਂ ਪ੍ਰਮੋਸ਼ਨਾਂ ਕੀਤੀਆਂ ਜਾਣ , ਪੇਂਡੂ ਭੱਤਾ , ਬਾਰਡਰ ਭੱਤਾ ਅਤੇ ਡੀ ਏ ਸਮੇਤ ਬੰਦ ਕੀਤੇ ਭੱਤਿਆਂ ਦੀ ਬਹਾਲੀ ਕੀਤੀ ਜਾਵੇ , ਕੰਪਿਊਟਰ ਅਧਿਆਪਕਾਂ ਨੂੰ ਵਿਭਾਗ ਵਿੱਚ ਸ਼ਾਮਿਲ ਕੀਤਾ ਜਾਵੇ ,ਅਤੇ ਉਹਨਾਂ ਤੇ ਛੇਵਾਂ ਪੇ ਕਮਿਸ਼ਨ ਲਾਗੂ ਕੀਤਾ ਜਾਵੇ , ਪੀਐਫਐਮਐਸ ਤੋਂ ਚੁੱਕੀਆਂ ਸਾਰੀਆਂ ਗਰਾਂਟਾਂ ਤੁਰੰਤ ਵਾਪਸ ਕੀਤੀਆਂ ਜਾਣ , ਸਪੈਸ਼ਲ ਕੈਡਰ ਜੋ ਅਧਿਆਪਕ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ ਉਹਨਾਂ ਨੂੰ ਪੂਰੇ ਸਕੇਲ ਤੇ ਰੈਗੂਲਰ ਕੀਤਾ ਜਾਵੇ । 6635, 4161, 2392 ਅਤੇ 569 ਸਮੇਤ ਸਾਰੀਆਂ ਨਵੀਂ ਭਰਤੀਆਂ ਨੂੰ ਬਦਲੀ ਵਿੱਚ ਇੱਕ ਮੌਕਾ ਦਿੱਤਾ ਜਾਵੇ , 15-01-15 ਦਾ ਪ੍ਰੋਬੇਸ਼ਨ ਪੀਰੀਅਡ ਦਾ ਪੱਤਰ ਰੱਦ ਕੀਤਾ ਜਾਵੇ , ਜੁਲਾਈ 2020 ਤੋਂ ਬਾਅਦ ਭਰਤੀ ਅਧਿਆਪਕਾਂ ਤੇ ਲਾਗੂ ਕੇਂਦਰੀ ਸਕੇਲ ਰੱਦ ਕੀਤੇ ਜਾਣ , ਪੁਰਾਣੀ ਪੈਨਸ਼ਨ ਦਾ ਐਲਾਨ ਕਰਕੇ ਲਾਗੂ ਨਾ ਕਰਨ ਤੋਂ ਭੱਜੀ ਸਰਕਾਰ ਤੋਂ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ , ਬਦਲੀਆਂ ਵਿੱਚ ਮਿਊਚਲ ਬਦਲੀਆਂ ਲਈ ਠਹਿਰ ਦੀ ਸ਼ਰਤ ਖਤਮ ਕੀਤੀ ਜਾਵੇ , 7654, 3442 ਅਤੇ ਸਰਵਿਸ ਪ੍ਰੋਵਾਈਡਰ ਅਧਿਆਪਕਾਂ ਲਈ ਸੀਨੀਆਰਤਾ ਲਿਸਟ ਉਹਨਾਂ ਦੇ ਰੈਗੂਲਰ ਹੋਣ ਦੀ ਮਿਤੀ ਤੋਂ ਕੀਤੀ ਜਾਵੇ , ਅਧਿਆਪਕਾਂ ਨੂੰ ਬੀ.ਐਲ.ਓ. ਆਦਿ ਗੈਰ ਵਿਦਿਅਕ ਕੰਮਾ ਤੋਂ ਫਾਰਗ ਕਰਨ ਸਮੇਤ ਆਦਿ ਮੰਗਾਂ ਦਾ ਨਿਪਟਾਰਾ ਜਲਦੀ ਕੀਤਾ ਜਾਵੇ । ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਨਦੀਪ ਸਿੰਘ ਭੰਗਾਲੀ, ਜਗਦੀਪ ਸਿੰਘ ਜਲਾਲਪੁਰਾ, ਰਵੀਇੰਦਰ ਪਾਲ ਸਿੰਘ, ਹਰਵਿੰਦਰ ਸਿੰਘ ਜਲਾਲਾਬਾਦ, ਯਾਦਵਿੰਦਰ ਸਿੰਘ ਸੰਧੂ, ਸਤਨਾਮ ਸਿੰਘ ਜੱਸੜ, ਅਮਿਤ ਕੁਮਾਰ, ਕਰਨਜੀਤ ਸਿੰਘ ਸੀ ਐੱਚ ਟੀ, ਸੁਰਜੀਤ ਸਿੰਘ, ਕੰਵਲਜੀਤ ਕੌਰ , ਮਨਪ੍ਰੀਤ ਕੌਰ , ਨਿਰਮਲ ਸਿੰਘ ਭੋਮਾ ਰਾਜਬੀਰ ਸਿੰਘ, ਰਾਜਿੰਦਰ ਕੁਮਾਰ, ਹਰਪ੍ਰੀਤ ਸਿੰਘ ਮਰੜੀ , ਮਨਜਿੰਦਰ ਸਿੰਘ ਮਰੜੀ , ਜਗਜੀਤ ਸਿੰਘ ਮਹਿਮਾ, ਬਲਵੰਤ ਸਿੰਘ ਰਾਏ, ਸੁਖਦੇਵ ਸਿੰਘ ਵਡਾਲਾ , ਅਵਤਾਰ ਸਿੰਘ, ਸਤਨਾਮ ਸਿੰਘ ਸੂਫੀਆਂ , ਰਾਜਬੀਰ ਸਿੰਘ , ਲਖਬੀਰ ਸਿੰਘ, ਮਨਦੀਪ ਸਿੰਘ, ਗੁਰਮੀਤ ਸਿੰਘ, ਚਰਨਜੀਤ ਸਿੰਘ , ਗੁਰਿੰਦਰ ਮੁੱਧਲ , ਜਰਮਨਜੀਤ ਸਿੰਘ , ਵਿਜੇ ਕੁਮਾਰ , ਮਨਜੀਤ ਸਿੰਘ ਖਾਲਸਾ , ਦਿਲਬਾਗ ਸਿੰਘ ਵੇਰਕਾ , ਹਰਜਿੰਦਰ ਸਿੰਘ ਜਲਾਲਪੁਰਾ , ਜਗਜੀਤ ਸਿੰਘ ਗਿੱਲ , ਪ੍ਰਭਜੋਤ ਸਿੰਘ , ਸਾਹਿਬ ਸਿੰਘ , ਜਗਜੀਤ ਸਿੰਘ ਮਹਿਮਾ, ਬਲਵੰਤ ਸਿੰਘ ਰਾਏ, ਸੁਖਦੇਵ ਸਿੰਘ ਵਡਾਲਾ , ਅਵਤਾਰ ਸਿੰਘ, ਸਤਨਾਮ ਸਿੰਘ ਸੂਫੀਆਂ , ਰਾਜਬੀਰ ਸਿੰਘ , ਲਖਬੀਰ ਸਿੰਘ, ਮਨਦੀਪ ਸਿੰਘ, ਗੁਰਮੀਤ ਸਿੰਘ, ਚਰਨਜੀਤ ਸਿੰਘ , ਗੁਰਿੰਦਰ ਮੁੱਧਲ , ਜਰਮਨਜੀਤ ਸਿੰਘ , ਵਿਜੇ ਕੁਮਾਰ , ਮਨਜੀਤ ਸਿੰਘ ਖਾਲਸਾ , ਦਿਲਬਾਗ ਸਿੰਘ ਵੇਰਕਾ , ਸਰਬਜੀਤ ਸਿੰਘ , ਸਿਵਰਾਜ ਸਿੰਘ ਅਤੇ ਸੁਰਿੰਦਰਪਾਲ ਸਿੰਘ , ਮਨਜਿੰਦਰ ਸਿੰਘ , ਕਸ਼ਮੀਰ ਸਿੰਘ , ਨਿਰਮਲ ਸਿੰਘ ਅਮਰਕੋਟ ਅਤੇ ਜਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਜਨਮ ਦਿਨ ਮੁਬਾਰਕ



ਆਵਾਜ਼ਿ ਕੌਮ AWAZE QAUM International Newspaper & WEB TV

ਇੰਟਰਨੈਸ਼ਨਲ ਪੰਥਕ ਦਲ ਜ਼ਿਲ੍ਹਾ ਪ੍ਰੈਸ ਸਕੱਤਰ ਤਰਨਤਾਰਨ ਸ੍ਰ ਮਨਪ੍ਰੀਤ ਸਿੰਘ ਸਪੁੱਤਰ ਸ੍ਰ ਸੁਖਬੀਰ ਸਿੰਘ ਵਾੜਾ ਸ਼ੇਰ ਸਿੰਘ ਵਾਲਿਆਂ ਨੂੰ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ।

ਵੱਲੋਂ: ਇੰਟਰਨੈਸ਼ਨਲ ਪੰਥਕ ਦਲ ਜ਼ਿਲ੍ਹਾ ਤਰਨਤਾਰਨ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨ

# ਐਕਸ਼ਨ ਮੋਡ 'ਚ ਭਾਰਤ ਸਰਕਾਰ ! ਹਿੰਦੂਆਂ 'ਤੇ ਹਮਲਿਆਂ ਨੂੰ ਲੈ ਕੇ ਵੱਡੀ ਕਾਰਵਾਈ ਦੀ ਤਿਆਰੀ




**ਨਵੀਂ ਦਿੱਲੀ, 9 ਅਗਸਤ (ਆਵਾਜ਼ਿ ਕੌਮ ਬਿਊਰੋ)**- ਸ਼ੇਖ ਹਸੀਨਾ ਦੇ ਦੇਸ਼ ਛੱਡਣ ਤੋਂ ਬਾਅਦ ਬੰਗਲਾਦੇਸ਼ ਵਿੱਚ ਵਿਗੜਦੇ ਹਾਲਾਤ ਦਰਮਿਆਨ ਭਾਰਤ ਸਰਕਾਰ ਨੇ ਸ਼ੁੱਕਰਵਾਰ ਨੂੰ ਵੱਡਾ ਕਦਮ ਚੁੱਕਿਆ। ਸਰਕਾਰ ਨੇ ਭਾਰਤ-ਬੰਗਲਾਦੇਸ਼ ਸਰਹੱਦ (IBB) 'ਤੇ ਸਥਿਤੀ ਦੀ ਨਿਗਰਾਨੀ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਭਾਰਤੀ ਨਾਗਰਿਕਾਂ ਅਤੇ ਬੰਗਲਾਦੇਸ਼ ਵਿੱਚ ਰਹਿ ਰਹੇ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬੰਗਲਾਦੇਸ਼ ਦੇ ਹਮਰੁਤਬਾ ਅਧਿਕਾਰੀਆਂ ਨਾਲ ਸੰਪਰਕ ਬਣਾਏਗੀ। ਇਸ ਕਮੇਟੀ ਵਿੱਚ ਐਡੀਸ਼ਨਲ ਡਾਇਰੈਕਟਰ ਜਨਰਲ (ਏਡੀਜੀ), ਸੀਮਾ ਸੁਰੱਖਿਆ ਬਲ (ਬੀਐੱਸਐੱਫ), ਪੂਰਬੀ ਕਮਾਂਡ ਇਸ ਕਮੇਟੀ ਦੇ ਚੇਅਰਮੈਨ ਹੋਣਗੇ। ਕਮੇਟੀ ਦੇ ਹੋਰ ਮੈਂਬਰਾਂ 'ਚ ਇੰਸਪੈਕਟਰ ਜਨਰਲ (ਆਈਜੀ), ਬੀਐੱਸਐੱਫ ਫਰੰਟੀਅਰ ਹੈੱਡਕੁਆਰਟਰ ਦੱਖਣੀ ਬੰਗਾਲ, ਇੰਸਪੈਕਟਰ ਜਨਰਲ (ਆਈਜੀ), ਬੀਐੱਸਐੱਫ ਫਰੰਟੀਅਰ ਹੈੱਡਕੁਆਰਟਰ ਤ੍ਰਿਪੁਰਾ, ਮੈਂਬਰ (ਯੋਜਨਾ ਅਤੇ ਵਿਕਾਸ), ਲੈਂਡ ਪੋਰਟ ਅਥਾਰਟੀ ਆਫ ਇੰਡੀਆ (ਐੱਲਪੀਏਆਈ) ਤੇ ਸਕੱਤਰ, ਐੱਲਪੀਏਆਈ ਸ਼ਾਮਲ ਹਨ। ਬੰਗਲਾਦੇਸ਼ 'ਚ ਹਿੰਸਾ ਤੋਂ ਡਰੇ ਘੱਟ ਗਿਣਤੀਆਂ ਦੀ ਵੱਡੀ ਗਿਣਤੀ ਪੱਛਮੀ ਬੰਗਾਲ ਦੀ ਸਰਹੱਦ ਵੱਲ ਵਧ ਰਹੀ ਹੈ। ਉਥੇ ਹਾਲਾਤ ਵਿਗੜਨ ਤੋਂ ਬਾਅਦ ਘੱਟ ਗਿਣਤੀਆਂ ਦੀ ਭਾਰੀ ਭੀੜ ਸਰਹੱਦ 'ਤੇ ਇਕੱਠੀ ਹੋ ਰਹੀ ਹੈ। ਬੰਗਲਾਦੇਸ਼ੀ ਹਿੰਦੂ ਭਾਰਤ 'ਚ ਦਾਖਲ ਹੋਣਾ ਚਾਹੁੰਦੇ ਹਨ। ਭਾਰਤ-ਬੰਗਲਾਦੇਸ਼ ਸਰਹੱਦ 'ਤੇ ਸਿਲੀਗੁੜੀ, ਕਿਸ਼ਨਗੰਜ ਅਤੇ ਮੁਕੇਸ਼ ਚੌਕੀਆਂ 'ਤੇ ਗੁਆਂਢੀ ਦੇਸ਼ ਦੇ ਹਿੰਦੂ ਇਕੱਠੇ ਹੋ ਰਹੇ ਹਨ। ਬੀਐੱਸਐੱਫ ਬਾਰਡਰ ਗਾਰਡ ਲਗਾਤਾਰ ਬੰਗਲਾਦੇਸ਼ ਨਾਲ ਸੰਪਰਕ ਬਣਾ ਰਿਹਾ ਹੈ ਅਤੇ ਨਿਯਮਾਂ ਅਨੁਸਾਰ ਇਨ੍ਹਾਂ ਨਾਗਰਿਕਾਂ ਨੂੰ ਆਪਣੇ ਦੇਸ਼ ਵਿੱਚ ਰੋਕ ਰਿਹਾ ਹੈ। ਇਸ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਬੀਐੱਸਐੱਫ ਤੇ ਬਾਰਡਰ ਗਾਰਡ ਬੰਗਲਾਦੇਸ਼ ਦੇ ਕਮਾਂਡਰ ਪੱਧਰ ਦੇ ਅਧਿਕਾਰੀ ਆਪਸ 'ਚ ਗੱਲਬਾਤ ਕਰ ਰਹੇ ਹਨ। ਸਿਰਫ਼ ਉਨ੍ਹਾਂ ਨੂੰ ਹੀ ਜਾਇਜ਼ ਕਾਨੂੰਨੀ ਦਸਤਾਵੇਜ਼ਾਂ ਵਾਲੇ ਭਾਰਤੀ ਸਰਹੱਦ 'ਚ ਏਕੀਕ੍ਰਿਤ ਚੈੱਕ ਪੋਸਟ ਰਾਹੀਂ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜਿੱਥੋਂ ਨਿਯਮਤ ਵਪਾਰ ਵੀ ਸ਼ੁਰੂ ਹੋ ਗਿਆ ਹੈ।